# ਪੰਜਾਬੀ ਵਿਰਸਾ

# ਪੰਜਾਬੀ ਵਿਰਸਾ

ਮੰਗਲ ਹਠੂਰ

logo and Imprint is owned by Unistar Books Pvt. Ltd.
© *2005*

Punjabi Virsa

*by*

Mangal Hathoor

2005
P1135-M055
Published by Lokgeet Parkashan
S.C.O. 26-27, Sector 34 A, Chandigarh-160022,
Ph.0172-5077427, 5077428
*email:unistar_mark@rediffmail.com*
Type Setting & Design PCIS
Printed & bound at Savitar Press, Chandigarh
Ph:0172-5075710
*email:savitarpress@rediffmail.com*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਮੁੱਖ ਬੰਧ

ਕਵਿਤਾ ਕਿਵੇਂ ਉਪਜਦੀ ਹੈ ? ਗੀਤ ਕਿੱਥੋਂ ਆਉਂਦੇ ਹਨ ? ਇਹ ਸਵਾਲ ਸਿਰਫ ਜਨ-ਸਧਾਰਨ ਲਈ ਹੀ ਨਹੀਂ, ਸਗੋਂ ਕਵੀਆਂ ਲਈ ਵੀ ਇਕ ਬੁਝਾਰਤ ਹਨ। ਚੰਗੀ ਕਵਿਤਾ ਸੁਣਕੇ ਜਾਂ ਪੜ੍ਹਕੇ ਇੰਝ ਲੱਗਦਾ ਹੈ ਕਿ ਜਿਵੇਂ ਅਸੀਂ ਉਹਦੀਆਂ ਭਾਵਨਾਵਾਂ ਨੂੰ ਸਦੀਆਂ ਤੋਂ ਹੰਢਾਉਂਦੇ ਆਏ ਹੋਈਏ। ਕਵਿਤਾ ਪਾਣੀ ਹੈ ਤੇ ਕਵੀ ਖੂਹ ਪੁੱਟ ਕੇ ਪਾਣੀ ਕੱਢ ਸਕਦਾ ਹੈ ਪਰ ਪਾਣੀ ਬਣਾ ਨਹੀਂ ਸਕਦਾ। ਕਵਿਤਾ ਹਵਾ ਹੈ, ਕਵੀ ਪੱਖਾ ਝੱਲ ਕੇ ਇਸ ਨੂੰ ਹਿਲਾ ਸਕਦਾ ਪਰ ਹਵਾ ਬਣਾ ਨਹੀਂ ਸਕਦਾ। ਕਵਿਤਾ ਅੱਗ ਹੈ, ਕਵੀ ਇਸ ਨੂੰ ਝੱਲ ਮਾਰ ਕੇ ਭੜਕਾ ਸਕਦਾ ਹੈ ਪਰ ਇਸਦੀ ਚੰਗਿਆੜੀ ਨੂੰ ਪੈਦਾ ਨਹੀਂ ਕਰ ਸਕਦਾ। ਮੇਰੇ ਖਿਆਲ ਅਨੁਸਾਰ ਚੰਗੀ ਕਵਿਤਾ ਕਵੀ ਦੇ ਦਿਲੋ-ਦਿਮਾਗ 'ਚ ਨਹੀਂ, ਸਗੋਂ ਪੜ੍ਹਨ-ਸੁਣਨ ਵਾਲੇ ਦੇ ਮਨ 'ਚ ਵਸਦੀ ਹੈ। ਕਵੀ ਦੀਆਂ ਲਿਖੀਆਂ ਸਤਰਾਂ, ਕਵਿਤਾ ਨੂੰ ਮਾਨਣ ਵਾਲੇ ਦੇ ਦਿਲ 'ਚ ਸੁੱਤੀ ਹੋਈ ਮੌਲਿਕ ਕਵਿਤਾ ਨੂੰ ਜਗਾਉਣ ਦਾ ਸਿਰਫ ਇਕ ਉਪਰਾਲਾ ਹੈ।

ਜੇ ਹਰ ਇਕ ਕਵਿਤਾ ਨੂੰ ਇਸ ਕਸੌਟੀ 'ਤੇ ਰੱਖ ਕੇ ਪਰਖਣਾ ਹੋਵੇ ਤਾਂ ਚੰਗੀ ਕਵਿਤਾ ਲਿਖਣ ਦਾ ਕੰਮ ਔਖਾ ਨਹੀਂ, ਸਗੋਂ ਅਸੰਭਵ ਹੀ ਲੱਗਦਾ ਹੈ। ਇਕ ਪੁਰਾਣਾ ਕਥਨ ਹੈ ਕਿ ਸੁੰਦਰਤਾ ਦੇਖਣ ਵਾਲੇ ਦੀ ਅੱਖ 'ਚ ਹੈ। ਜੇ ਕਵਿਤਾ ਸੁਣਨ ਵਾਲੇ 'ਤੇ ਅਸਰ ਨਹੀਂ ਕਰਦੀ ਤਾਂ ਉਸਦਾ ਮੁੱਲ ਕੁੱਝ ਵੀ ਨਹੀਂ।

ਭਾਵੇਂ ਅਜੋਕੀ ਪੰਜਾਬੀ ਕਵਿਤਾ ਦਾ ਇਤਿਹਾਸ ਕੋਈ ਬਹੁਤਾ ਲੰਬਾ ਨਹੀਂ ਪਰ ਫਿਰ ਵੀ ਪੰਜਾਬ ਨੇ ਕਈ ਐਸੇ ਕਵੀ ਪੈਦਾ ਕੀਤੇ ਨੇ ਜਿਨ੍ਹਾਂ ਦੀਆਂ ਕਵਿਤਾਵਾਂ ਪੱਥਰਾਂ 'ਚੋਂ ਅੱਥਰੂ ਕੱਢਣ ਦਾ ਦਮ ਰੱਖਦੀਆਂ ਹਨ। ਪੰਜਾਬੀ ਕਵਿਤਾ ਦਾ ਦੁਖਾਂਤ ਇਹ ਰਿਹਾ ਹੈ ਕਿ ਆਮ ਪੰਜਾਬੀ ਲੋਕਾਂ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਨਹੀਂ ਤੇ ਉਨ੍ਹਾਂ ਦੇ ਦਿਲਾਂ 'ਚ ਸੁਲ਼ਗਦੀਆਂ ਚੰਗਿਆੜੀਆਂ ਨੂੰ ਭੜਕਾਉਣ ਵਾਲੀਆਂ ਸਤਰਾਂ ਸ਼ੈਲਫਾਂ ਅਣ-ਗੌਲੀਆਂ ਹੀ ਪਈਆਂ ਰਹਿ ਜਾਂਦੀਆਂ ਹਨ। ਪੰਜਾਬੀ ਲੋਕ ਕਵਿਤਾ ਦਾ ਅਨੰਦ ਸੀਨਾ-ਬ-ਸੀਨਾ ਯਾਦ ਕੀਤੇ ਲੋਕ ਗੀਤਾਂ ਤੋਂ ਲੈਂਦੇ ਆਏ ਹਨ।

ਜਦੋਂ ਗ੍ਰਾਮੋਫੋਨ ਤੇ ਬਾਅਦ ਵਿਚ ਟੇਪਾਂ ਦੀਆਂ ਕਾਢਾਂ ਨਾਲ ਗੀਤ ਰਿਕਾਰਡ ਹੋਣ ਲੱਗੇ, ਤਾਂ ਪਹਿਲਾਂ-ਪਹਿਲਾਂ ਕੁੱਝ ਅਜਿਹੇ ਗੀਤਕਾਰ ਪਰਦੇ 'ਤੇ ਆਏ ਜਿਨ੍ਹਾਂ ਦੇ ਗੀਤ, ਲੋਕ ਗੀਤਾਂ ਦੀ ਭੰਨ-ਤੋੜ ਕਰ ਕੇ ਰੋੜਿਆਂ ਦੀ ਕੰਧ ਖੜ੍ਹੀ ਕਰਨ ਵਾਂਗ ਸਨ ਪਰ ਹੌਲੀ-ਹੌਲੀ ਗੀਤਕਾਰੀ ਦੇ ਖੇਤਰ ਵਿਚ ਨਿਖਾਰ ਆਉਂਦਾ ਗਿਆ ਤੇ ਕਈ ਚੰਗੇ-ਚੰਗੇ

ਗੀਤਕਾਰਾਂ ਤੇ ਕਵੀਆਂ ਵਿਚ ਲਕੀਰ ਵਾਹੁਣੀ ਕੋਈ ਸੌਖਾ ਕੰਮ ਨਹੀਂ। ਇਸ ਦਾ ਕਾਰਣ ਇਹ ਹੈ ਕਿ ਕੋਈ ਚਾਹ ਕੇ ਗੀਤ ਜਾਂ ਕਵਿਤਾ ਨਹੀਂ ਲਿਖਦਾ। ਇਹ ਤਾਂ ਇਕੋ ਕਲਾ ਦਾ ਇਕੋ ਚਿਹਰਾ ਹੈ ਜਿਸਨੂੰ ਵੇਖਣ ਵਾਲੇ ਵੱਖ-ਵੱਖ ਰੰਗ ਦੀ ਐਨਕ ਲਾ ਕੇ ਵੇਖਦੇ ਹਨ।

ਆਪਣੇ ਗੀਤਾਂ ਰਾਹੀਂ ਲੋਕਾਂ ਦੇ ਦਿਲਾਂ ਵਿਚ ਪੱਕੀ ਥਾਂ ਬਣਾਉਣ ਵਾਲ਼ਿਆਂ 'ਚੋਂ ਇਕ ਨਾਂਅ ਹੈ, ਮੰਗਲ ਹਠੂਰ। ਮੰਗਲ ਹਠੂਰ ਦੀ ਕਵਿਤਾ ਦਾ ਵਹਾਅ ਇੰਝ ਹੈ ਜਿਵੇਂ ਪਾਣੀ ਉਤੇ ਫੁੱਲ ਤਰਦਾ ਹੋਵੇ। ਮੰਗਲ ਇਕ ਮੌਲਿਕ ਤੇ ਠੇਠ ਪੰਜਾਬੀ ਕਵੀ ਹੈ। ਉਸ ਦੇ ਦਿਲ ਵਿਚ ਪੰਜਾਬ ਅਤੇ ਪੰਜਾਬੀਅਤ ਇੰਨੀ ਡੂੰਘੀ ਵਸ ਚੁੱਕੀ ਹੈ ਕਿ ਉਸਦੇ ਇਕ-ਇਕ ਸ਼ਬਦ 'ਚੋਂ ਇਹ ਸ਼ਹਿਦ ਵਾਂਗਰਾਂ ਚੋਂਦੀ ਹੈ। ਮੰਗਲ ਦੀਆਂ ਕਵਿਤਾਵਾਂ, ਸ਼ੇਅਰਾਂ ਤੇ ਗੀਤਾਂ ਦੇ ਵਿਸ਼ੇ ਲੋਕਾਂ ਦੇ ਦਰਦਾਂ ਤੇ ਖੁਸ਼ੀਆਂ ਨੂੰ ਸ਼ਿੱਦਤ ਨਾਲ ਮਹਿਸੂਸ ਕਰਨ ਵਾਲੇ ਮਨ ਦੀ ਉਪਜ ਹਨ। ਉਸਦੀ ਹਰ ਇਕ ਕਵਿਤਾ ਤੇ ਗੀਤ, ਤੇ ਅਗਾਂਹ ਇਨ੍ਹਾਂ ਦੀ ਇਕ-ਇਕ ਸਤਰ, ਪੜ੍ਹਨ-ਸੁਣਨ ਵਾਲ਼ੇ ਨੂੰ ਆਪਣੀ ਜ਼ਿੰਦਗੀ ਦੇ ਅਣ-ਲਿਖੇ ਇਤਿਹਾਸ 'ਚੋਂ ਪਾੜਿਆ ਹੋਇਆ ਇਕ ਪੰਨਾ ਮਹਿਸੂਸ ਹੁੰਦੀ ਹੈ।

ਇਸ ਕਸੌਟੀ 'ਤੇ ਉਤਰਨ ਵਾਲ਼ਾ ਇਕ ਤੋਂ ਬਾਅਦ ਇਕ ਗੀਤ, ਇਕ ਤੋਂ ਬਾਅਦ ਇਕ ਸ਼ੇਅਰ ਲਿਖਣਾ ਅਸਾਨ ਕੰਮ ਨਹੀਂ ਪਰ ਮੰਗਲ ਹਠੂਰ ਦੀ ਕਲਮ ਦਿਲਾਂ ਦੀ ਵਾਰਤਾ ਨੂੰ ਕਵਿਤਾ 'ਚ ਐਨੇ ਅਸਾਨ ਤਰੀਕੇ ਨਾਲ ਬੰਨ੍ਹ ਜਾਂਦੀ ਹੈ ਕਿ ਲਗਦਾ ਹੈ ਜਿਵੇਂ ਕਿਸੇ ਫਲਦਾਰ ਬੂਟੇ ਤੋਂ ਇਕ ਹੋਰ ਫਲ ਤੋੜਿਆ ਹੋਵੇ ਜਾਂ, ਜਿਵੇਂ ਫੁੱਲਾਂ ਦੇ ਬਾਗ਼ 'ਚੋਂ ਇਕ ਹੋਰ ਸੁਗੰਧ ਭਰੀ ਸਾਹ ਲਈ ਹੋਵੇ। ਉਹ ਔਖੇ ਵਿਸ਼ਿਆਂ ਨੂੰ ਇੰਝ ਨਿਭਾਉਂਦਾ ਹੈ ਜਿਵੇਂ ਕੋਈ ਬਾਜ ਹਵਾ ਦਿਆਂ ਬੁੱਲਿਆਂ ਉਤੇ ਬਿਨਾਂ ਪਰ ਮਾਰਿਆਂ ਉੱਡਦਾ ਹੋਵੇ। ਕਵਿਤਾ ਮੰਗਲ ਦੇ ਅੰਦਰੋਂ ਇੰਝ ਵਗਦੀ ਹੈ ਜਿਵੇਂ ਕਿਸੇ ਵਿਯੋਗਣ ਦੀਆਂ ਅੱਖਾਂ 'ਚੋਂ ਅੱਥਰੂ ਵਗਦੇ ਨੇ ਜਾਂ ਜਿਵੇਂ ਅੱਲ੍ਹੜਾਂ ਦੇ ਬੁੱਲ੍ਹਾਂ 'ਚੋਂ ਮੁਸਕਾਨ ਕਿਰਦੀ ਹੈ।

ਪੰਜਾਬੀ ਨੂੰ ਕਵਿਤਾ ਦੀ ਲੋੜ ਹੈ ਤੇ ਕਵਿਤਾ ਨੂੰ ਕਵੀਆਂ ਦੀ। ਮੰਗਲ ਹਠੂਰ ਵਰਗੇ ਕਵੀਆਂ ਦੀ ਕਵਿਤਾ ਕਿਸੇ ਵੀ ਬੋਲੀ ਦੇ ਸਾਹਿਤ ਲਈ ਸੱਗੀ ਫੁੱਲ ਹੋ ਸਕਦੀ ਹੈ। ਸਾਡੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਮੰਗਲ ਪੰਜਾਬੀ ਵਿਚ ਲਿਖਦਾ ਹੈ। ਮੰਗਲ ਦੀ ਕਵਿਤਾ ਦਾ ਸਵਾਦ ਟਿੰਡਾਂ ਵਾਲੇ ਖੂਹ ਦੇ ਪਾਣੀ ਵਰਗਾ ਹੈ, ਝੱਲ ਤੂਤ ਦੀ ਛਾਵੇਂ ਮਾਣੇ ਬੁਲਿਆਂ ਵਰਗੀ ਤੇ ਸੇਕ ਕਾਨਿਆਂ, ਟਾਹਲੀ ਤੇ ਕਿੱਕਰ ਦੀਆਂ ਝਿੰਘਾਂ ਦੀ ਧੂਣੀ ਵਰਗਾ ਹੈ। ਇਹੋ ਜਿਹੀਆਂ ਕਵਿਤਾਵਾਂ ਵਾਲੀ ਕਿਤਾਬ ਦਾ ਨਾਂਅ 'ਪੰਜਾਬੀ ਵਿਰਸਾ' ਨਾ ਹੋਵੇ ਤਾਂ ਹੋਰ ਕੀ ਹੋਵੇ!

**- ਸੰਗਤਾਰ**

## ਤਤਕਰਾ


ਪੰਜਾਬੀ ਵਿਰਸਾ ਭਾਗ–1/9
ਪੰਜਾਬੀ ਵਿਰਸਾ ਭਾਗ–2/11
ਕੋਕਾ ਕਰਕੇ ਧੋਖਾ.../13
ਬੈਠ ਕੇ ਤ੍ਰਿੰਝਣਾਂ 'ਚ.../15
ਕਿਉਂ ਮੁੜਦੇ–ਮੁੜਦੇ.../16
ਵਤਨਾਂ ਦੀ ਯਾਦ/17
ਯਾਦ ਤੇਰੀ ਆਈ/18
ਨੱਚਣੇ ਨੂੰ ਕਰੇ ਮੇਰਾ ਜੀਅ/19
ਇਸ਼ਕ ਨੇ ਕਮਲੇ ਕਰਤੇ/20
ਕੁੰਢੀਆਂ ਮੁੱਛਾਂ ਚਿਹਰੇ ਲਾਲੀ/21
ਲੂਣ ਦੀ ਡਲੀ/23
ਘੱਗਰਾ ਘੁੰਗਰੂਆਂ ਵਾਲਾ/25
ਨੈਣੀਂ ਸੁਰਮਾ ਚੀਚੀ ਛੱਲਾ/27
ਆਜਾ ਆਪਾਂ ਨੱਚੀਏ/28
ਅੱਖੀਆਂ ਮੀਂਹ ਵਰਸਾਉਣਗੀਆਂ/29
ਹਾਨਣੇ ਨੱਚ ਲੈ ਨੀਂ/30
ਗੱਡੀ ਕੁੜੀ ਕੁਆਰੀ/31
ਤਿੱਖਾ ਤੀਰ ਪਿਆਰਾਂ ਦਾ/33
ਸੁਣ ਗਾਗਰ ਵਾਲੀਏ/34
ਗੋਰੀ ਗੋਰੀ ਛੋਰੀ/35
ਦੋ ਛੜੇ ਢੋਲਕੀ ਲਿਆਏ/37
ਚੁਗਾਤੀ ਇਸ਼ਕੇ ਦੀ ਚੋਗ/38
ਤੀਰ ਗਰਜਦੇ ਸ਼ੇਰ/39
ਮੁੜ ਹੋਣ ਨਸੀਬਾਂ ਨਾਲ/40
ਬੋਲੀਆਂ/41
ਰੋਗ ਨਾ ਨੇੜੇ ਆਵੇ/42
ਬੋਲੀਆਂ/43
ਦਿਲ/51
ਸ਼ੇਅਰ/52
ਬੱਦਲਾਂ ਦਾ ਪਰਛਾਵਾਂ/60
ਕਿਸਮਤ ਦੇ ਜਾਏ ਹਾਰ/61
ਲਾਕੇ ਪੰਜਾਬੀ ਨਾਲ/62
ਧੰਨਵਾਦਾਂ ਦਾ ਕਰਜ਼ਾ/63
ਕੁੱਲੀ ਮਲੰਗਾਂ ਦੀ/64
ਪੰਜਾਬ ਮੇਰਾ ਬਗੀਚਾ/65
ਰੱਬ ਦਾ ਨਾਮ/67
ਐ! ਮਾਲਕ/68
ਹੱਥਾਂ ਦੀਆਂ ਛਾਵਾਂ/69
ਚੱਖਣਾ ਸ਼ਹਿਦ ਵਾਂਗਰਾਂ/70
ਮਸਤ ਬਣ ਕੀ ਲੈਣਾ/71
ਸ਼ੇਅਰ/72
ਸਤਿ ਸ੍ਰੀ ਅਕਾਲ/75
ਸਿੱਖੀ ਖੰਡੇ ਵਿਚੋਂ ਕੜਕੀ/76
ਚਿੜੀ ਬਾਜ ਨਾਲ ਲੜਦੀ/77
ਮੁਗਲਾਂ ਵਿਚ ਭਾਜੜ ਪੈਂਦੀ/78
ਸਾਰਾ ਹੀ ਲਾਹੌਰ ਕੰਬਿਆ/79
'ਕੱਲਾ ਸਰਦਾਰ ਖੜ੍ਹਾ/81
ਪ੍ਰਭਾਤ ਫੇਰੀ ਆਈ ਆ/82
ਭਵ ਸਾਗਰਾਂ 'ਚੋਂ ਬੰਨੇ/83
ਰੱਬ ਨੂੰ ਧਿਆ ਕੇ ਤੁਰੀਏ/84
ਮੇਰੇ ਮਾਲਕ ਦੀ ਬਖਸ਼ਿਸ/85
ਵਿੱਛੜਿਆ ਨਨਕਾਣਾ/86

## ਪੰਜਾਬੀ ਵਿਰਸਾ ਭਾਗ-1

ਮੁੰਡਿਓ-ਕੁੜੀਓ ਸੁਣ ਲਓ ਹੋਕਾ,
ਖ਼ਰਾ ਏ ਸੌਦਾ ਜਰਾ ਨਾ ਧੋਖਾ,
ਆ ਜਾਓ ਲੈ ਲਓ ਲੋਕ ਬੋਲੀਆਂ, ਸਿੱਖ ਲਓ ਘੜੇ ਵਜਾਣੇ ਪੰਜਾਬੀ ਵਿਰਸਾ।
ਢੱਡ, ਸਾਰੰਗੀ ਤੇ ਅਲਗੋਜ਼ਿਆਂ ਵਾਲੇ ਗੀਤ ਪੁਰਾਣੇ ਪੰਜਾਬੀ ਵਿਰਸਾ।

ਹੀਰ–ਰਾਂਝਾ ਤੇ ਮਿਰਜ਼ਾ ਸਹਿਬਾਂ ਕਿੱਸੇ ਆਸ਼ਿਕ ਲੋਕਾਂ ਵਾਲੇ।
ਸੁੱਚਾ, ਦੁੱਲਾ, ਜੱਗਾ, ਜਿਊਣਾ, ਸਾਡੀਆਂ ਇੱਜ਼ਤਾਂ ਦੇ ਰਖਵਾਲੇ।
ਘੁੱਕਰ, ਕੈਦੋਂ ਤੇ ਡੋਗਰ ਦੇ, ਕਦੀ ਵਿਸਾਹ ਨਾ ਖਾਣੇ ਪੰਜਾਬੀ ਵਿਰਸਾ।
ਢੱਡ, ਸਾਰੰਗੀ ਤੇ ਅਲਗੋਜ਼ਿਆਂ ਵਾਲੇ ਗੀਤ ਪੁਰਾਣੇ ਪੰਜਾਬੀ ਵਿਰਸਾ

ਕਿੱਕਲੀ ਪਾ ਕੇ ਰੱਖੜੀ ਬੰਨ੍ਹ ਕੇ, ਵੀਰਾਂ ਲਈ ਅਰਦਾਸਾਂ ਕਰ ਲਓ।
ਜਾਗੋ, ਹੋਲੀ, ਦੀਵਾਲੀ ਨਾਲ, ਜ਼ਿੰਦਗੀ ਦੇ ਵਿਚ ਖੁਸ਼ੀਆਂ ਭਰ ਲਓ।
ਮਾਘੀ, ਮੱਸਿਆ ਅਤੇ ਵਿਸਾਖੀ, ਘੋੜੀਆਂ–ਬਲਦ ਭਜਾਣੇ ਪੰਜਾਬੀ ਵਿਰਸਾ
ਢੱਡ, ਸਾਰੰਗੀ ਤੇ ਅਲਗੋਜ਼ਿਆਂ ਵਾਲੇ, ਗੀਤ ਪੁਰਾਣੇ ਪੰਜਾਬੀ ਵਿਰਸਾ।

ਡੰਡ-ਬੈਠਕਾਂ, ਘੋਲ, ਕਬੱਡੀ, ਆਪਣਾ ਜ਼ੋਰ ਵਿਖਾਵਣ ਦੇ ਲਈ।
ਚਿਮਟਾ, ਕਾਟੋ, ਢੋਲ ਤੇ ਤੂੰਬਾ, ਗਿੱਧੇ-ਭੰਗੜੇ ਪਾਵਣ ਦੇ ਲਈ।
ਘਰ ਦੀ ਕੱਢੀ ਦਾਰੂ ਪੀ ਲਓ, ਜੇਕਰ ਮੂਡ ਬਨਾਣੇ ਪੰਜਾਬੀ ਵਿਰਸਾ।
ਢੱਡ, ਸਾਰੰਗੀ ਤੇ ਅਲਗੋਜ਼ਿਆਂ ਵਾਲੇ ਗੀਤ ਪੁਰਾਣੇ ਪੰਜਾਬੀ ਵਿਰਸਾ।

ਜੇ ਗਰਮੀ ਤਾਂ ਸੱਤੂ ਪੀ ਲਓ, ਖੀਰ–ਪੂੜੇ ਜੇ ਪੈਂਦੀਆਂ ਕਣੀਆਂ।
ਸਾਗ ਸਰ੍ਹੋਂ ਦਾ ਅਤੇ ਸੇਵੀਆਂ, ਤੋਕੜ ਮੱਝ ਦੇ ਦੁੱਧ ਵਿਚ ਬਣੀਆਂ।
ਹਰੇ ਪੁਦੀਨੇ ਵਾਲੀ ਚੱਟਣੀ, ਜੋ ਖਾਵੇ ਸੋ ਜਾਣੇ ਪੰਜਾਬੀ ਵਿਰਸਾ।
ਢੱਡ, ਸਾਰੰਗੀ ਤੇ ਅਲਗੋਜ਼ਿਆਂ ਵਾਲੇ ਗੀਤ ਪੁਰਾਣੇ ਪੰਜਾਬੀ ਵਿਰਸਾ।

ਦਾਤਰ, ਟਕੂਏ ਤੇ ਕਿਰਪਾਨਾਂ, ਜੇ ਵੈਰੀ ਨਾਲ ਜੰਗ ਹੁੰਦੀ ਏ।
ਪਿਆਰ, ਮਾਫ਼ੀਆਂ ਤੇ ਗਲਵੱਕੜੀ, ਜੇ ਭਾਈਆਂ ਵਿਚ ਵੰਡ ਹੁੰਦੀ ਏ

ਵਿਚ ਪੰਚਾਇਤ ਦੇ ਕਰੋ ਫ਼ੈਸਲਾ, ਗੱਲ ਨਾ ਪਹੁੰਚੇ ਥਾਣੇ ਪੰਜਾਬੀ ਵਿਰਸਾ।
ਢੱਡ, ਸਾਰੰਗੀ ਤੇ ਅਲਗੋਜ਼ਿਆਂ ਵਾਲੇ ਗੀਤ ਪੁਰਾਣੇ ਪੰਜਾਬੀ ਵਿਰਸਾ।

*ਆਵਾਜ਼- ਮਨਮੋਹਨ ਵਾਰਿਸ*

## ਪੰਜਾਬੀ ਵਿਰਸਾ ਭਾਗ-2

ਕੇਸਮੈਂਟ ਦੀਆਂ ਕੱਢੀਆਂ ਚਾਦਰਾਂ, ਪਾਕੇ ਭੱਖੜੀ ਪੋਲੇ ਤੋਪੇ।
ਸੂਟ ਖੱਦਰ ਦੇ ਡੱਬੀਆਂ ਵਾਲੇ, ਨਿਆਣਿਆਂ ਦੇ ਲਈ ਨਿੱਘੇ ਟੋਪੇ।
ਪੇਂਜਾ ਖੱਡੀ, ਜੁੱਤੀ ਕੱਢੀ, ਰੂੰ ਤੇ ਰੰਗਲੇ ਤਾਣੇ ਪੰਜਾਬੀ ਵਿਰਸਾ।
ਢੱਡ, ਸਾਰੰਗੀ ਤੇ ਅਲਗੋਜ਼ਿਆਂ ਵਾਲੇ ਗੀਤ ਪੁਰਾਣੇ ਪੰਜਾਬੀ ਵਿਰਸਾ

ਘੜਾ, ਕਾੜਨੀ, ਚਿਮਟਾ, ਚਾਟੀ, ਛੱਜ ਛਾਨਣੀ ਗੜਵੀ ਡੋਲੂ।
ਤੂਤ ਦੇ ਖੂੰਡੇ, ਮਿੱਟੀ ਦੇ ਕੂੰਡੇ, ਚਕਲੇ, ਵੇਲਣੇ, ਮੰਜੇ, ਕੋਹਲੂ।
ਚੱਕੀ ਦੇ ਪੁੜ, ਸ਼ੱਕਰ ਤੇ ਗੁੜ ਨਾਲ ਡੱਬ, ਜੁਆਰ ਦੇ ਦਾਣੇ ਪੰਜਾਬੀ ਵਿਰਸਾ।
ਸਾਰੰਗੀ ਤੇ ਅਲਗੋਜ਼ਿਆਂ ਵਾਲੇ ਗੀਤ ਪੁਰਾਣੇ ਪੰਜਾਬੀ ਵਿਰਸਾ

ਆਪਣੀ ਸਿਹਤ ਸੰਭਾਲਣ ਦੇ ਲਈ, ਦੇਸੀ ਨੁਸਖੇ ਸੁਣ ਲਓ ਜਲਦੀ।
ਦਾਤੀ ਦਾ ਟੱਕ ਛੇਤੀ ਹਟ ਜਾਊ, ਤੇਲ 'ਚ ਭੁੰਨ ਕੇ ਬੰਨ੍ਹ ਲਉ ਹਲਦੀ।
ਸ਼ਹਿਦ, ਮਮੀਰਾ ਅੱਖੀਆਂ ਦੇ ਲਈ, ਦੱਸਣ ਲੋਕ ਸਿਆਣੇ ਪੰਜਾਬੀ ਵਿਰਸਾ।
ਢੱਡ, ਸਾਰੰਗੀ ਤੇ ਅਲਗੋਜ਼ਿਆਂ ਵਾਲੇ ਗੀਤ ਪੁਰਾਣੇ ਪੰਜਾਬੀ ਵਿਰਸਾ

ਵੱਡਿਆਂ ਦੀ ਸਦਾ ਇੱਜਤ ਕਰਨੀ, ਝੂਠੀ ਗੱਲ ਕਦੀ ਨਾ ਜਰਨੀ।
ਬੁਰੀ ਸੰਗਤ ਤੋਂ ਦੂਰ ਹੀ ਰਹਿਣਾ, ਨਾ ਬੁਰਾਈ ਦਿਲਾਂ 'ਚ ਭਰਨੀ।
ਪਿਆਰ ਨਾਲ ਰਹਿਣਾ ਜ਼ੁਲਮ ਨਾ ਸਹਿਣਾ, ਗੁਰੂ ਨਾ ਦਿਲੋਂ ਭੁਲਾਣੇ ਪੰਜਾਬੀ ਵਿਰਸਾ
ਢੱਡ, ਸਾਰੰਗੀ ਤੇ ਅਲਗੋਜ਼ਿਆਂ ਵਾਲੇ ਗੀਤ ਪੁਰਾਣੇ ਪੰਜਾਬੀ ਵਿਰਸਾ

ਠੂਠੀ, ਸੱਗੀ ਫੁੱਲ, ਫੁਲਕਾਰੀ, ਕਾਲਾ ਡੋਰੀਆ ਚਿੱਟੀ ਕਿਨਾਰੀ।
ਇਕ ਫੱਟੀ ਇਕ ਲੱਜ ਲਉ ਨੀਂ, ਤੀਲੀ ਪੁਆਲੇ ਵਿਆਹੀ ਕੁਆਰੀ।
ਸਾਉਣ ਮਹੀਨੇ ਤੀਆਂ ਦੇ ਦਿਨ, ਲੱਗਣੇ ਬੜੇ ਸੁਹਾਣੇ ਪੰਜਾਬੀ ਵਿਰਸਾ।
ਢੱਡ, ਸਾਰੰਗੀ ਤੇ ਅਲਗੋਜ਼ਿਆਂ ਵਾਲੇ ਗੀਤ ਪੁਰਾਣੇ ਪੰਜਾਬੀ ਵਿਰਸਾ।

'ਮੰਗਲਾ' ਧੂਣੇ ਸੇਕਣ ਦੇ ਲਈ, ਪੋਹ-ਮਾਘ ਦੀਆਂ ਲੈ ਲਉ ਰਾਤਾਂ
ਮਾਂ ਦੀ ਲੋਰੀ, ਪਿਉ ਦੀਆਂ ਝਿੜਕਾਂ, ਦਾਦੀ ਤੇ ਨਾਨੀ ਦੀਆਂ ਬਾਤਾਂ।
ਆ ਜਾਓ ਸਿੱਖ ਲਓ ਧਰਮ ਦੀ ਖਾਤਰ ਸਿਰ, ਕੱਟਣੇ ਕਟਵਾਣੇ ਪੰਜਾਬੀ ਵਿਰਸਾ

ਢੱਡ, ਸਾਰੰਗੀ ਤੇ ਅਲਗੋਜ਼ਿਆਂ ਵਾਲੇ ਗੀਤ ਪੁਰਾਣੇ ਪੰਜਾਬੀ ਵਿਰਸਾ

*ਆਵਾਜ਼- ਮਨਮੋਹਨ ਵਾਰਿਸ*

## ਕੋਕਾ ਕਰਕੇ ਧੋਖਾ...

ਕੋਕਾ ਕਰਕੇ ਧੋਖਾ ਨੀਂ ਦਿਲ ਲੈ ਗਿਆ
ਦਿਨੇ ਯਾਦ ਕਰਾਂ ਮੁਟਿਆਰੇ,
ਜਾਂ ਗਿਣਾ ਰਾਤ ਨੂੰ ਤਾਰੇ,
ਮੈਂ ਦੋਵਾਂ ਕੰਮਾਂ ਜੋਗਾ ਰਹਿ ਗਿਆ।
ਕੋਕਾ ਕਰਕੇ ਧੋਖਾ ਨੀਂ ਦਿਲ ਲੈ ਗਿਆ।

ਲੰਘ ਗਈ ਜਦ ਕੋਲੋਂ ਹਿੱਕ ਤਣਕੇ, ਉੱਡ ਗਏ ਹੋਸ਼ ਕਬੂਤਰ ਬਣਕੇ।
ਅਕਲਾਂ ਨੂੰ ਵੀ ਘੇਰਾ ਪਾ ਗਏ, ਗਾਨੀ ਵਾਲੇ ਕਾਲੇ ਮਣਕੇ।
ਤੇਰਾ ਮਲਿਆ ਲਾਲ ਦੰਦਾਸਾ ਨੀਂ, ਜਿਓ ਚੰਡਿਆ ਹੋਇਆ ਗੰਡਾਸਾ।
ਮੇਰੇ ਸੀਨੇ ਦੇ ਨਾਲ ਖਹਿ ਗਿਆ।
ਕੋਕਾ ਕਰਕੇ ਧੋਖਾ ਨੀਂ ਦਿਲ ਲੈ ਗਿਆ।

ਅੱਖ ਤੇਰੀ ਵੀ ਘੱਟ ਨਾ ਕੁੜੀਏ, ਲੜ ਗਈ ਜਿਹੜੀ ਜੱਟ ਨਾ ਕੁੜੀਏ।
ਬਿਨ ਤੇਰੇ ਹੁਣ ਰਹਿ ਨਾ ਹੋਣਾ, ਹਾੜਾ ਈ ਪਾਸਾ ਵੱਟ ਨਾ ਕੁੜੀਏ।
ਗੱਲ ਬੜੀ ਹੈਰਾਨੀ ਵਾਲੀ ਏ,
ਸਾਡੀ ਚੜ੍ਹੀ ਜਵਾਨੀ ਵਾਲੀ ਏ,
ਹਰ ਪਾਸੇ ਰੌਲ਼ਾ ਪੈ ਗਿਆ,
ਕੋਕਾ ਕਰਕੇ ਧੋਖਾ ਨੀਂ ਦਿਲ ਲੈ ਗਿਆ।

ਚੱਲ ਨੀਂ ਦੋਵੇਂ ਮੇਲੇ ਚੱਲੀਏ, ਐਵੇਂ ਜ਼ਿੱਦ ਨਹੀਂ ਕਰੀ ਦੀ ਝੱਲੀਏ।
ਬਾਂਹ 'ਤੇ ਸਾਡਾ ਨਾਂਅ ਖੁਣਵਾ ਲੈ, ਹਰ ਭੁੱਲ ਬਖਸ਼ ਦਿਆਂਗੇ ਬੱਲੀਏ।
ਕੋਈ ਪੁੱਛੇ ਤੇਰਾ ਹਾਲ ਸਾਨੂੰ,
ਕੋਈ ਜੋੜੇ ਰਾਂਝੇ ਨਾਲ ਸਾਨੂੰ,
ਕੋਈ ਹੀਰ ਜੱਟੀ ਤੈਨੂੰ ਕਹਿ ਗਿਆ,
ਕੋਕਾ ਕਰਕੇ ਧੋਖਾ ਨੀਂ ਦਿਲ ਲੈ ਗਿਆ।

ਆ ਨੀਂ ਗੋਰੀ ਮਾਂ ਦੀਏ ਜਾਈਏ, 'ਕੱਠੇ ਬਹਿ ਕੇ ਗੱਲ ਮੁਕਾਈਏ।
ਦਿਲ ਵੱਟੇ ਦਿਲ ਦੇਦੇ ਸਾਨੂੰ, ਕੋਰਟ-ਕਚਹਿਰੀ ਵਿਚ ਨਾ ਜਾਈਏ।

ਬਾਹਾਂ ਵਿਚ ਚੂੜਾ ਪਾ ਲੈ ਨੀਂ,
ਤਲੀਆਂ 'ਤੇ ਮਹਿੰਦੀ ਲਾ ਲੈ ਨੀਂ।
ਤੇਰਾ ਹੋ ਕੇ 'ਮੰਗਲ' ਬਹਿ ਗਿਆ।
ਕੋਕਾ ਕਰਕੇ ਧੋਖਾ ਨੀ ਦਿਲ ਲੈ ਗਿਆ

*ਆਵਾਜ਼- ਮਨਮੋਹਨ ਵਾਰਿਸ*

## ਬੈਠ ਕੇ ਤ੍ਰਿੰਝਣਾਂ 'ਚ...

ਬੈਠ ਕੇ ਤ੍ਰਿੰਝਣਾਂ 'ਚ ਸੋਹਣੀਏਂ, ਕੱਢੇਂ ਜਦੋਂ ਚਾਦਰ 'ਤੇ ਫੁੱਲ ਤੂੰ।
ਕੀਹਨੂੰ ਯਾਦ ਕਰ-ਕਰ ਹੱਸਦੀ, ਚੁੰਨੀ 'ਚ ਲੁਕਾਕੇ ਸੂਹੇ ਬੁੱਲ ਤੂੰ।

ਦੱਸ ਕੀਹਦੇ ਲਈ ਤੂੰ, ਏਨਾਂ ਖੁਦ ਨੂੰ ਸਜਾਵੇਂ ਨੀਂ।
ਫੁੱਲ ਬੂਟੇ ਪਾਕੇ, ਮਹਿੰਦੀ ਤਲੀਆਂ 'ਤੇ ਲਾਵੇਂ ਨੀਂ।
ਕਿਹੜੇ ਗੱਭਰੂ 'ਤੇ ਮਾਣ ਮੱਤੀਏ, ਬਣਕੇ ਹਨੇਰੀ ਗਈਏਂ ਝੁੱਲ ਤੂੰ।
ਕੀਹਨੂੰ ਯਾਦ ਕਰ-ਕਰ ਹੱਸਦੀ, ਚੁੰਨੀ 'ਚ ਲੁਕਾਕੇ ਸੂਹੇ ਬੁੱਲ ਤੂੰ।

ਕੀਹਦੇ ਆਖੇ ਮੁੰਦੀਆਂ ਤੇ, ਛੱਲੇ ਪਾਉਣ ਲੱਗ ਪਈ।
ਕੀਹਦੇ ਪਿਛੇ ਮੱਸਿਆ 'ਤੇ, ਮੇਲੇ ਆਉਣ ਲੱਗ ਪਈ।
ਪਾਵੇਂ ਚਮਕਾਰੇ ਚੰਨ ਵਾਂਗਰਾਂ, ਸੋਹਣੀਏ ਨੀਂ ਹੀਰਿਆਂ ਦੇ ਤੁੱਲ ਤੂੰ।
ਕੀਹਨੂੰ ਯਾਦ ਕਰ-ਕਰ ਹੱਸਦੀ, ਚੁੰਨੀ 'ਚ ਲੁਕਾਕੇ ਸੂਹੇ ਬੁੱਲ ਤੂੰ।

ਗਿੱਧੇ ਵਿਚ ਜਾਕੇ, ਪਾਵੇਂ ਬੋਲੀਆਂ ਪਿਆਰੀਆਂ।
ਅੱਗੇ ਨਾਲੋਂ ਵੱਧ ਨੱਚੇਂ, ਦੱਸਣ ਕੁਆਰੀਆਂ।
ਮਾਰ-ਮਾਰ ਅੱਡੀ ਪਾਵੇਂ ਧਮਕਾਂ, ਸੰਗਣਾਂ–ਸੰਗਾਉਣਾ ਗਈ ਏਂ ਭੁੱਲ ਤੂੰ।
ਕੀਹਨੂੰ ਯਾਦ ਕਰ-ਕਰ ਹੱਸਦੀ, ਚੁੰਨੀ 'ਚ ਲੁਕਾਕੇ ਸੂਹੇ ਬੁੱਲ ਤੂੰ।

ਜੀਹਦੇ ਪਿੱਛੇ ਦਿਲ ਤੇਰਾ ਖੋਇਆ-ਖੋਇਆ ਰਹਿੰਦਾ ਏ।
ਸੁਣਿਆਂ ਉਹ 'ਮੰਗਲ' 'ਹਠੂਰ ਪਿੰਡ' ਰਹਿੰਦਾ ਏ।
ਅੱਧ 'ਚੋਂ ਨਾ ਤੋੜ ਜਾਵੀਂ ਲੱਗੀਆਂ, ਪਾਉਣਾ ਜੇ ਮੁਹੱਬਤਾਂ ਦਾ ਮੁੱਲ ਤੂੰ।
ਕੀਹਨੂੰ ਯਾਦ ਕਰ ਕਰ ਹੱਸਦੀ, ਚੁੰਨੀ 'ਚ ਲੁਕਾਕੇ ਸੂਹੇ ਬੁੱਲ ਤੂੰ।

*ਆਵਾਜ਼- ਕਮਲ ਹੀਰ*

## ਕਿਉਂ ਮੁੜਦੇ-ਮੁੜਦੇ...

ਕਿਉਂ ਮੁੜਦੇ–ਮੁੜਦੇ, ਸ਼ਹਿਰ ਸੱਜਣ ਦੇ ਆ ਪਹੁੰਚੇ।
ਜੇ ਮੁੜ ਜਾਂਦੇ ਤਾਂ, ਬੜੇ ਹੀ ਚੰਗੇ ਰਹਿਣਾ ਸੀ।
ਨਾ ਵੇਖਦੇ ਸੱਜਣਾਂ, ਦੇ ਹੱਥ ਮਹਿੰਦੀ ਗ਼ੈਰਾਂ ਦੀ।
ਨਾ ਪੈਰਾਂ ਦੇ ਵਿਚ, ਕੋਈ ਵੀ ਛਾਲਾ ਪੈਣਾ ਸੀ।

ਸੋਚਿਆ ਸੀ ਸੱਜਣ ਸਾਡੇ ਨੇ, ਇਸ ਆਸ ਸਹਾਰੇ ਜਿਊਂਦੇ ਸਾਂ।
ਹਰ ਸਾਹ ਨਾਲ ਪੱਥਰ ਵਰਗਿਆਂ ਨੂੰ, ਅਸੀਂ ਰੱਬ ਦੇ ਵਾਂਗ ਧਿਆਉਂਦੇ ਸਾਂ।
ਨਾ ਟੁੱਟਦਾ ਸਾਡਾ ਵਹਿਮ, ਸੰਭਾਲਿਆ ਉਮਰਾਂ ਦਾ,
ਨਾ ਮਹਿਲ ਆਸ ਦਾ ਵਿਚ ਪਲਾਂ ਦੇ ਢਹਿਣਾ ਸੀ।
ਕਿਉਂ---

ਔਹ ਦਿਸੇ ਚੁਬਾਰਾ ਸੱਜਣਾਂ ਦਾ, ਜੀਹਦੀ ਰਾਹ ਵੱਲ ਖੁਲ੍ਹਦੀ ਬਾਰੀ ਸੀ।
ਉਸ ਬਾਰੀ 'ਚੋਂ ਚੰਨ ਚੜ੍ਹ ਜਾਂਦਾ, ਜਦੋਂ ਗੂੜ੍ਹੀ ਲੱਗੀ ਯਾਰੀ ਸੀ।
ਬੰਦ ਹੋ ਗਈ ਬਾਰੀ, ਚੰਨ ਹੋਰ ਥਾਂ ਜਾ ਚੜ੍ਹਿਆ
ਅਸੀਂ ਜਿਊਂਦੀ ਜਾਨੇ, ਇਹ ਘਾਟਾ ਵੀ ਸਹਿਣਾ ਸੀ
ਕਿਉਂ---

ਜਿੰਦ 'ਕੱਲੀ ਤੇ ਦੁੱਖ ਜ਼ਿਆਦਾ ਨੇ, ਹੁਣ ਹੋਰ ਨਾ ਜਾਵੇ ਪੀੜ ਜਰੀ।
ਜਿਸ ਜ਼ਿੰਦਗੀ ਦੇ ਵਿਚ ਖੁਸ਼ੀਆਂ ਨਹੀਂ, ਉਸ ਜ਼ਿੰਦਗੀ ਨਾਲੋਂ ਮੌਤ ਖਰੀ।
ਜੇ ਥੋੜ੍ਹੀਆਂ ਖੁਸ਼ੀਆਂ ਵੀ ਮਿਲ ਜਾਂਦੀਆਂ 'ਮੰਗਲ' ਨੂੰ
ਕਦੀ ਰਾਣੀ ਮੌਤ ਨੂੰ ਮਿਲਣ, ਲਈ ਨਾ ਕਹਿਣਾ ਸੀ।
ਕਿਉਂ ਮੁੜਦੇ–ਮੁੜਦੇ ਸ਼ਹਿਰ ਸੱਜਣ ਦੇ ਆ ਪਹੁੰਚੇ।
ਜੇ ਮੁੜ ਜਾਂਦੇ ਤਾਂ ਬੜੇ ਹੀ ਚੰਗੇ ਰਹਿਣਾ ਸੀ।

*ਆਵਾਜ਼- ਮਨਮੋਹਨ ਵਾਰਿਸ*

## ਵਤਨਾਂ ਦੀ ਯਾਦ

ਵਤਨਾਂ ਦੀ ਯਾਦ ਭੁਲਾ ਕੇ,
ਬੈਠਾ ਪ੍ਰਦੇਸੀ ਆਕੇ।
ਦਿਨਾਂ, ਹਫ਼ਤਿਆਂ, ਸਾਲਾਂ ਵਾਲਾ ਲਾਕੇ ਵੇਖ ਹਿਸਾਬ।
ਓਏ ਪੰਜਾਬੀ ਸ਼ੇਰਾ, ਸੱਦਦਾ ਏ ਤੈਨੂੰ ਇਹ ਪੰਜਾਬ।

ਵਤਨੀ ਤੇਰੀ ਮਾਂ ਰਹਿੰਦੀ ਏ, ਮਮਤਾ ਵਾਲੀ ਛਾਂ ਰਹਿੰਦੀ ਏ।
ਭੈਣ, ਭਾਈ ਤੇ ਬਾਪ ਨੂੰ ਮਿਲਜਾ, ਬਾਪ 'ਚ ਥੋੜ੍ਹੀ ਜਾਂਅ ਰਹਿੰਦੀ ਏ।
ਦੌਲਤ ਪਿੱਛੇ ਭੱਜਦੇ ਦਿਲ ਨੂੰ, ਕੋਰਾ ਦੇ ਦੇ ਜੁਆਬ।
ਓਏ ਪੰਜਾਬੀ---

ਬਿਨ ਤੇਰੇ ਸੱਖਣੇ ਸਭ ਮੇਲੇ, ਕੋਈ ਨਾ ਪਿੰਡ ਕਬੱਡੀ ਖੇਲੇ।
ਬੈਠੇ ਸੱਥ ਵਿਚ ਪੁੱਛਦੇ ਬਾਬੇ, ਕਿੱਥੇ ਗਏ ਗੱਭਰੂ ਅਲਬੇਲੇ।
ਤੇਰੇ ਮਗਰੋਂ ਕਿਸੇ ਨਾ ਕੱਢੀ, ਗੁੜ੍ਹ 'ਚੋਂ ਕਦੀ ਸ਼ਰਾਬ।
ਓਏ ਪੰਜਾਬੀ---

ਜਦੋਂ ਸਾਉਣ ਦੀ ਬਦਲੀ ਵਰਸੇ, ਹੂਰ ਤੇਰੀ ਤੇਰੇ ਪਿਆਰ ਨੂੰ ਤਰਸੇ।
ਕਦੋਂ ਆਏਂ ਗਾ ਕਦੋਂ ਮੁੱਕਣ ਗੇ ਵੇ ਸੱਜਣਾਂ ਬਿਰਹੋਂ ਦੇ ਅਰਸੇ।
ਤੂੰ ਹੀ ਦਸ ਕਿਸ ਹੌਸਲੇ ਨੱਚੇ, ਗਿੱਧਿਆ ਵਿਚ ਸ਼ਬਾਬ।
ਓਏ ਪੰਜਾਬੀ---

ਮਹਿਫ਼ਲ ਤੇਰਿਆਂ ਯਾਰਾਂ ਵਾਲੀ, ਲੋਚੇ ਘੜੀ ਦੀਦਾਰਾਂ ਵਾਲੀ।
ਕਹਿੰਦਾ ਸੀ ਮੈਂ ਛੇਤੀ ਆਊਂ, ਕਰ ਗੱਲ ਯਾਦ ਕਰਾਰਾਂ ਵਾਲੀ।
ਕੀਹਨੇ ਬਦਲੇ ਕਾਹਤੋਂ ਬਦਲੇ 'ਮੰਗਲਾ' ਤੇਰੇ ਖ਼ਾਬ,
ਓਏ ਪੰਜਾਬੀ ਸ਼ੇਰਾ, ਸੱਦਦਾ ਏ ਤੈਨੂੰ ਇਹ ਪੰਜਾਬ।

*ਆਵਾਜ਼- ਮਨਮੋਹਨ ਵਾਰਿਸ*

## ਯਾਦ ਤੇਰੀ ਆਈ

ਬਣ ਗਏ ਲਲਾਰੀ ਸਾਡੇ ਅੱਥਰੂ, ਕੀਤੀ ਸੁਰਮੇ ਨਾ ਰੱਜ ਕੇ ਰੰਗਾਈ ਏ।
ਪੂਣੀਆਂ ਦਾ ਰੰਗ ਕਾਲਾ ਹੋ ਗਿਆ, ਕੱਤਦੀ ਨੂੰ ਯਾਦ ਤੇਰੀ ਆਈ ਏ।

ਆਪਣੀ ਬਣਾ ਕੇ, ਤੁਰ ਗਿਆ ਪ੍ਰਦੇਸ ਨੂੰ।
ਕਿੰਝ ਮੈਂ ਹੰਢਾਵਾਂ, 'ਕੱਲੀ ਜੋਬਨੇ ਦੇ ਖੇਸ ਨੂੰ।
ਮਿਲਣਾ ਤਾਂ ਕੀ ਸੀ ਪ੍ਰਦੇਸੀਆ, ਤੂੰ ਤੇ ਇਕ ਚਿੱਠੀ ਵੀ ਨਾ ਪਾਈ ਏ।
ਪੂਣੀਆਂ---

ਭੰਨ-ਭੰਨ ਵੰਗਾਂ ਨੂੰ, ਪਿਆਰ ਨਿੱਤ ਕੱਢਦੀ।
ਪੀਰਾਂ ਤੇ ਫਕੀਰਾਂ ਦਰ, ਪੱਲੇ ਰਹਾਂ ਅੱਡਦੀ।
ਵਿਛੜੇ ਮਿਲਾ ਦਿਊ ਜੇ ਕੋਈ ਆਖਦਾ, ਪੈਰੀਂ ਉਹਦੇ ਜ਼ਿੰਦਗੀ ਵਿਛਾਈਏ।
ਪੂਣੀਆਂ---

ਕੱਲ੍ਹ ਸਾਡੇ ਵਿਹੜੇ ਆਈ, ਕਾਵਾਂ ਵਾਲੀ ਟੋਲੀ ਵੇ।
ਚੂਰੀ ਅੱਗੇ ਰੱਖ ਗੰਢ, ਦਿਲ ਦੀ ਮੈਂ ਖੋਲ੍ਹੀ ਵੇ।
ਕਾਂਵਾਂ ਨੇ ਵੀ ਚੂਰੀ ਖਾਣੀ ਛੱਡਤੀ, ਜਦੋਂ ਦੁੱਖਾਂ ਦੀ ਕਹਾਣੀ ਮੈਂ ਸੁਣਾਈਏ।
ਪੂਣੀਆਂ---

ਉੱਡ ਹੀ ਨਾ ਜਾਣ ਕਿਤੇ, ਮੁਖੜੇ ਤੋਂ ਲਾਲੀਆਂ।
ਲੰਘ ਹੀ ਨਾ ਜਾਣ ਕਿਤੇ, ਰੁੱਤਾਂ ਪਿਆਰ ਵਾਲੀਆਂ।
ਤੇਰਿਆਂ ਵਿਛੋੜਿਆਂ 'ਚ 'ਮੰਗਲਾ' ਛੱਡ ਹੀ ਨਾ ਜਾਵਾਂ ਇਹ ਲੋਕਾਈ ਵੇ।
ਪੂਣੀਆਂ ਦਾ ਰੰਗ ਕਾਲਾ ਹੋ ਗਿਆ, ਕੱਤਦੀ ਨੂੰ ਯਾਦ ਤੇਰੀ ਆਈ ਏ।

*ਆਵਾਜ਼- ਕਮਲ ਹੀਰ*

## ਨੱਚਣੇ ਨੂੰ ਕਰੇ ਮੇਰਾ ਜੀਅ

ਖੌਰੇ ਹੋਈ ਜਾਂਦਾ ਮੈਨੂੰ ਕੀ, ਹਾਏ ਨੀਂ ਤੈਨੂੰ ਨੱਚਦੀ ਵੇਖਕੇ।
ਨੱਚਣੇ ਨੂੰ ਕਰੇ ਮੇਰਾ ਜੀਅ, ਹਾਏ ਨੀਂ ਤੈਨੂੰ ਨੱਚਦੀ ਵੇਖਕੇ।

ਮੁੱਖੜੇ 'ਤੇ ਲੋਹੜੀ ਨੱਚੇ, ਅੱਖਾਂ 'ਚ ਦੀਵਾਲੀ ਮੱਚੇ, ਸਤਰੰਗੀ ਚੁੰਨੀ ਖੇਡੇ ਹੋਲੀਆਂ।
ਪਿਆਰ ਦੀ ਪਿਆਸੀਏ ਨੀਂ, ਦਾਰੂ ਦੀ ਗਲਾਸੀਏ ਨੀਂ, ਮੀਂਹ ਵਾਂਗੂ ਪਾਉਣੀਆਂ ਮੈਂ ਬੋਲੀਆਂ।
ਹੁੰਦੀਆਂ ਨਾ ਬੁੱਲ੍ਹੀਆਂ ਸੀਅ, ਹਾਏ ਨੀਂ ਤੈਨੂੰ ਨੱਚਦੀ ਵੇਖਕੇ।
ਨੱਚਣੇ---

ਜ਼ੁਲਫ਼ਾਂ 'ਚ ਰਾਤ ਖੇਲੇ, ਲੱਕ ਸੱਪ ਵਾਂਗ ਮੇਹਲੇ, ਤਿੱਖਾ ਨੱਕ ਹਾਣੀ ਤਲਵਾਰ ਦਾ।
ਝਾਂਜਰਾਂ 'ਚ ਗੀਤ ਗੂੰਜੇ, ਵੰਗਾਂ 'ਚ ਸੰਗੀਤ ਗੂੰਜੇ, ਕੋਕੇ ਵਿਚੋਂ ਚੰਨ ਝਾਤੀ ਮਾਰਦਾ।
ਗਿੱਧਾ ਪਾਉਣ ਮੁੰਦੀਆਂ ਵੀ, ਹਾਏ ਨੀਂ ਤੈਨੂੰ ਨੱਚਦੀ ਵੇਖਕੇ।
ਨੱਚਣੇ---

ਅੰਬਰਾਂ 'ਤੋਂ ਆਈਏਂ, ਜਾਂ ਧਰਤੀ ਦੀ ਜਾਈਏਂ ਤੂੰ, ਏਨੀ ਗੱਲ ਦੱਸ ਜਾ ਜ਼ਰੂਰ ਨੀਂ।
ਸ਼ਗਨ ਘਲਾਵੇ ਕਿੱਥੇ, ਸਿਹਰਾ ਬੰਨ੍ਹ ਆਵੇ ਕਿੱਥੇ, ਤੈਨੂੰ ਲੈਣ 'ਮੰਗਲ' ਹਜ਼ੂਰ ਨੀਂ।
ਤੇਰੇ ਬਿਨਾਂ ਸਕਦਾ ਨਾ ਜੀਅ, ਹਾਏ ਨੀਂ ਤੈਨੂੰ ਨੱਚਦੀ ਵੇਖਕੇ।
ਨੱਚਣੇ ਨੂੰ ਕਰੇ ਮੇਰਾ ਜੀਅ, ਹਾਏ ਨੀਂ ਤੈਨੂੰ ਨੱਚਦੀ ਵੇਖਕੇ।

*ਆਵਾਜ਼- ਕਮਲ ਹੀਰ*

## ਇਸ਼ਕ ਨੇ ਕਮਲੇ ਕਰਤੇ

ਜਿਸ ਦਿਨ ਦੇ, ਯਾਰਾਨੇ ਲਾ ਬੈਠੇ।
ਅਸੀਂ ਆਪਣੀ, ਹੋਸ਼ ਭੁਲਾ ਬੈਠੇ।
ਤੇਰੀ ਤੋਰ ਸ਼ਰਾਬੀ ਨੇ, ਕੈਸੇ ਨਸ਼ੇ ਨੈਣਾਂ ਵਿਚ ਭਰਤੇ।
ਸਾਨੂੰ ਅਕਲ ਬਥੇਰੀ ਸੀ, ਪਰ ਤੇਰੇ ਇਸ਼ਕ ਨੇ ਕਮਲੇ ਕਰਤੇ।

ਹਰ ਥਾਣੇ ਹਰ ਪੰਚਾਇਤ 'ਚ, ਸਾਡਾ ਨਾਂਅ ਬੋਲੇ।
ਤੇਰੇ ਕਰਕੇ ਲੜਦੇ ਰਹਿੰਦੇ ਹਾਂ, ਇਹ ਤਾਂ ਬੋਲੇ।
ਤੇਰੀ ਕਾਲੀ ਗਾਨੀ ਨੇ, ਕਈ ਇਲਜ਼ਾਮ ਸਾਡੇ ਸਿਰ ਧਰਤੇ।
ਸਾਨੂੰ---

ਭਾਵੇਂ ਠਰ ਜਾਈਏ ਜਾਂ, ਗਰਮੀ ਦੇ ਵਿਚ ਸੜ ਜਾਈਏ।
ਜੇ ਦਿਸਦੀ ਰਹੇਂ ਤੇਰੇ ਰਾਹ ਵਿਚ, ਬੁੱਤ ਬਣ ਖੜ੍ਹ ਜਾਈਏ।
ਰਹੇ ਖ਼ਬਰ ਨਾ ਦੁਨੀਆ ਦੀ, ਹੋਵੇ ਨਜ਼ਰ ਜਦੋਂ ਤੇਰੇ ਘਰ 'ਤੇ।
ਸਾਨੂੰ---

ਅਸੀਂ ਖੁਦ ਨੂੰ ਵੇਚ, ਤੇਰੇ ਸਾਰੇ ਸ਼ੌਕ ਪੁਗਾ ਦੇਈਏ।
ਤੂੰ ਆਖੇਂ ਤੈਨੂੰ, ਸੋਨੇ ਵਿਚ ਮੜ੍ਹਾ ਦੇਈਏ।
ਭੁਲ ਗਏ ਘਾਟੇ ਵਾਧੇ, ਨਾਹ ਕੇ ਇਸ਼ਕੇ ਵਾਲੇ ਸਰ 'ਤੇ।
ਸਾਨੂੰ---

ਤੈਨੂੰ 'ਪਿੰਡ ਹਠੂਰ' ਦੀ, ਇਕ ਦਿਨ ਨੂੰਹ ਬਣਾਂਵਾਂ ਗੇ।
ਨਹੀਂ ਤੇਰੇ ਸਿਰ ਚੜ੍ਹ ਦੁਨੀਆਂ ਤੋਂ, ਤੁਰ ਜਾਵਾਂ ਗੇ।
ਰਿਹਾ ਵਾਅਦਾ 'ਮੰਗਲ' ਦਾ ਜਿਊਣਾ–ਮਰਨਾ ਤੇਰੇ ਦਰ 'ਤੇ
ਸਾਨੂੰ ਅਕਲ ਬਥੇਰੀ ਸੀ, ਪਰ ਤੇਰੇ ਇਸ਼ਕ ਨੇ ਕਮਲੇ ਕਰਤੇ।

*ਆਵਾਜ਼- ਕਮਲ ਹੀਰ*

## ਕੁੰਢੀਆਂ ਮੁੱਛਾਂ ਚਿਹਰੇ ਲਾਲੀ

ਕਾਲੀ ਪਗੜੀ, ਕਾਲਾ ਚਾਦਰਾ।
ਬਿਲਕੁੱਲ ਵੈਲੀਆਂ, ਵਾਲਾ ਚਾਦਰਾ।
ਕੁੰਢੀਆਂ ਮੁੱਛਾਂ ਚਿਹਰੇ ਲਾਲੀ, ਰੋਅਬ ਜਾਏ ਨਾ ਜਰਿਆ।
ਗੱਲਾਂ ਹੁੰਦੀਆਂ ਨੇ, ਪੈਰ ਮੁੰਡੇ ਨੇ ਜਵਾਨੀ ਵਿਚ ਧਰਿਆ।

ਕੋਈ ਕਹਿੰਦਾ ਬੜੀ ਪੀਵੇ ਦਾਰੂ, ਇਹ ਦਾਰੂ ਕਿਤੇ ਕਹਿਰ ਗੁਜ਼ਾਰੂ।
ਬਹੁਤਾ ਚਿਰ ਨਾ ਬੇਡਰ ਹੋਕੇ, ਪਿੰਡ ਦੇ ਵਿਚ ਲਲਕਾਰੇ ਮਾਰੂ।
ਕੋਈ ਕਹਿੰਦਾ ਕਿ ਵਿਚ ਜਵਾਨੀ, ਸਭ ਨੇ ਏਦਾਂ ਈ ਕਰਿਆ।
ਗੱਲਾਂ ...

ਕੋਈ ਕਹਿੰਦਾ ਇਹ ਬੜਾ ਖਿਡਾਰੀ, ਇਹਦੇ ਅੰਗ–ਅੰਗ ਵਿਚ ਹੁਸ਼ਿਆਰੀ।
ਜਿਹੜੇ ਪਾਸੇ ਏਹੇ ਖੇਡਦਾ, ਉਹੋ ਟੀਮ ਕਦੀ ਨਾ ਹਾਰੀ।
ਖਾਣ ਪੀਣ ਨੂੰ ਖੁੱਲ੍ਹਾ-ਡੁੱਲ੍ਹਾ, ਘਰ ਮਾਪਿਆਂ ਦਾ ਭਰਿਆ।
ਗੱਲਾਂ ...

ਕੋਈ ਕਹਿੰਦਾ ਇਹਨੂੰ ਪਿਆਰ ਹੋ ਗਿਆ, ਇਹ ਤੇ ਇਸ਼ਕ ਬੀਮਾਰ ਹੋ ਗਿਆ।
ਕੁੜੀ ਦੋਨਾਲੀ ਰਫਲ ਦੇ ਵਰਗੀ, ਜੀਹਦਾ ਇਹ ਸ਼ਿਕਾਰ ਹੋ ਗਿਆ।
ਨਾਲ ਦੇ ਪਿੰਡ ਵਿਚ ਮਾਰੇ ਗੇੜੇ, ਜਾਏ ਨਾ ਵਿਛੋੜਾ ਜਰਿਆ
ਗੱਲਾਂ ...

ਕਈ ਕਹਿੰਦੇ ਇਹ ਗੀਤ ਵੀ ਲਿਖਦਾ, ਕਈ ਕਹਿੰਦੇ ਕਿ ਗਾਉਣਾ ਸਿੱਖਦਾ।
ਦਿਲ ਇਹਦੇ ਦੀਆਂ ਏਹੇ ਈ ਜਾਣੇ, ਬਾਹਰੋਂ ਤੇ ਕੁੱਝ ਹੋਰ ਹੀ ਦਿਸਦਾ।
'ਮੰਗਲ' ਫੇਰ ਕਦੀ ਨਾ ਸੰਭਲੂ, ਇਸ਼ਕ ਝਨਾਅ ਜੇ ਤਰਿਆ।
ਗੱਲਾਂ ਹੁੰਦੀਆਂ ਨੇ, ਪੈਰ ਮੁੰਡੇ ਦੇ ਜਵਾਨੀ ਵਿਚ ਧਰਿਆ।

*ਆਵਾਜ਼- ਕਮਲ ਹੀਰ*

## ਲੂਣ ਦੀ ਡਲੀ

ਸਿਰ ਉਤੇ ਲੈ ਕੇ ਲਹਿਰੀਆ, ਬਣ-ਠਣ ਕੇ ਜਦੋਂ ਤੂੰ ਕਿਤੇ ਤੁਰਦੀ।
ਮੁੰਡਿਆਂ ਦੀ ਜ਼ਿੰਦ ਗੋਰੀਏ, ਜਾਵੇ ਲੂਣ ਦੀ ਡਲੀ ਦੇ ਵਾਂਗੂ ਖੁਰਦੀ।

ਸਾਰਿਆਂ ਨੂੰ ਚੰਗਾ ਲੱਗੇ, ਲਹਿਰੀਆ ਰੰਗੀਲਾ ਇਹ।
ਮੋਰਾਂ ਦਿਆਂ ਖੰਭਾਂ ਨਾਲੋਂ, ਵਧ ਚਮਕੀਲਾ ਇਹ।
ਗਿੱਧਿਆਂ 'ਚ ਜਦੋਂ ਨੱਚਦੀ, ਢਾਣੀ ਮੋਰਾਂ ਵਾਲੀ ਵਿਚੋ ਵਿਚ ਝੁਰਦੀ।
ਮੁੰਡਿਆਂ ...

ਗਜ਼–ਗਜ਼ ਲੰਮੇ ਤੇਰੇ, ਕਾਲੇ-ਕਾਲੇ ਵਾਲ ਨੀਂ।
ਪਾਲੇ ਹੋਣ ਸੱਪ ਜਿਵੇਂ, ਕੱਚੇ ਦੁੱਧ ਨਾਲ ਨੀਂ।
ਜੋਗੀਆਂ ਨੂੰ ਜਾਣ ਡੰਗਦੇ, ਪੇਸ਼ ਚੱਲਦੀ ਨਾ ਸਿੱਖੇ ਹੋਏ ਗੁਰ ਦੀ।
ਮੁੰਡਿਆਂ ...

ਗੋਰੀਆਂ ਇਹ ਅੱਡੀਆਂ ਜੋ, ਮਹਿੰਦੀ ਨਾਲ ਸਜੀਆਂ।
ਠੱਕ-ਠੱਕ ਮੁੰਡਿਆਂ ਦੇ, ਦਿਲਾਂ ਉੱਤੇ ਵੱਜੀਆਂ।
ਛੁਰੀ ਨਾਲੋਂ ਤਿੱਖੀ ਸੋਹਣੀਏ, ਭੋਲੇ ਦਿਲਾਂ ਵਿਚ ਜਾਨੀ ਏ ਤੂੰ ਛੁਰਦੀ।
ਮੁੰਡਿਆਂ ...

ਫੁੱਲ ਜਿਹੇ ਮੱਥੇ ਉੱਤੇ, ਪਾਵੇਂ ਜਦੋਂ ਵੱਟ ਤੂੰ।
'ਮੰਗਲ' ਵੀ ਆਖੇ ਨਹੀਉਂ, ਕੰਡਿਆਂ ਤੋਂ ਘੱਟ ਤੂੰ।
ਕਈਆਂ ਘਰ ਬਾਹਰ ਛੱਡਤੇ, ਤੇਰੀ ਪੱਥਰੇ ਅਜੇ ਨਾ ਜ਼ਿੱਦ ਭੁਰਦੀ।
ਮੁੰਡਿਆਂ ਦੀ ਜ਼ਿੰਦ ਗੋਰੀਏ, ਜਾਵੇ ਲੂਣ ਦੀ ਡਲੀ ਦੇ ਵਾਂਗੂ ਖੁਰਦੀ।
ਸਿਰ ਉੱਤੇ ਲੈ ਕੇ ਲਹਿਰੀਆ ਬਣ ਠਣ ਕੇ ਜਦੋਂ ਤੂੰ ਕਿਤੇ ਤੁਰਦੀ।

*ਆਵਾਜ਼- ਮਨਮੋਹਨ ਵਾਰਿਸ*

## ਘੱਗਰਾ ਘੁੰਗਰੂਆਂ ਵਾਲਾ

ਹਾਣੀਆਂ ਨੂੰ ਮਾਰੇ ਸੈਨਤਾਂ, ਅੱਖਾਂ ਭੂਰੀਆਂ 'ਚੋਂ ਸੁਰਮਾ ਕਾਲਾ।
ਟੋਲੀ ਆਉਂਦੀ ਮੁੰਡਿਆਂ ਦੀ, ਸਾਂਭ ਘੱਗਰਾ ਘੁੰਗਰੂਆਂ ਵਾਲਾ।

ਚਿੱਟੇ ਦੰਦਾਂ ਨਾਲ ਤੂੰ, ਗੁਲਾਬੀ ਬੁੱਲ ਟੁੱਕਦੀ।
ਕੱਢੀ ਜੁੱਤੀ ਪਾ ਕੇ ਪੈਰ, ਮੜ੍ਹਕ ਨਾ ਚੁੱਕਦੀ।
ਕਾਲਾ ਟਿੱਕਾ ਲਾ ਕੇ ਗੱਲ੍ਹ 'ਤੇ, ਬੁਰੀ ਨਜ਼ਰ ਤੋਂ ਖ਼ੁਦ ਨੂੰ ਬਚਾ ਲਾ।
ਟੋਲੀ ...

ਮਿੱਠੀਏ ਜ਼ਬਾਨ ਦੀਏ, ਮਿੱਠਾ-ਮਿੱਠਾ ਬੋਲੇਂ ਤੂੰ।
ਵਗਦੀ ਹਵਾ 'ਚ, ਸ਼ਹਿਦ ਜਹੇ ਬੋਲ ਘੋਲੇਂ ਤੂੰ।
ਮਿੱਠੇ ਦੀ ਸ਼ੌਕੀਨ ਦੁਨੀਆਂ, ਗੁਲਕੰਦ ਜਹੀਏ ਖੁਦ ਨੂੰ ਲੁਕਾਲਾ।
ਟੋਲੀ ...

ਕਈਆਂ ਛੱਡੇ ਹੱਲ, ਕਈਆਂ ਛੱਡ ਦਿੱਤਾ ਹੱਟਾਂ ਨੂੰ।
ਆਸ਼ਿਕੀ ਸਿਖਾਈ ਜਾਵੇਂ, ਬਾਣੀਏ ਤੇ ਜੱਟਾਂ ਨੂੰ।
ਜਦੋਂ ਦੀ ਜਵਾਨ ਹੋ ਗਈ, ਪੂਰੀ ਦੁਨੀਆਂ 'ਚ ਹੋ ਗਿਆ ਉਜਾਲਾ।
ਟੋਲੀ ...

ਦਿਲ ਨੂੰ ਉਡੀਕ ਹੋਵੇ, ਜਦੋਂ ਸੋਹਣੇ ਮਾਹੀ ਦੀ।
ਸ਼ਗਨਾਂ ਦੀ ਮਹਿੰਦੀ ਫਿਰ, ਲੱਗ ਜਾਣੀ ਚਾਹੀਦੀ।
ਜੇ ਖੁਸ਼ੀ ਨਾ ਲੰਘਾਉਣੀ ਜ਼ਿੰਦਗੀ ਦਿਲ 'ਮੰਗਲ ਹਠੂਰ' ਨਾ ਵਟਾਲਾ
ਟੋਲੀ ਆਉਂਦੀ ਮੁੰਡਿਆਂ ਦੀ, ਸਾਂਭ ਘੱਗਰਾ ਘੁੰਗਰੂਆਂ ਵਾਲਾ।

*ਆਵਾਜ਼- ਕਮਲ ਹੀਰ*

# ਨੈਣੀਂ ਸੁਰਮਾ ਚੀਚੀ ਛੱਲਾ

ਮਾੜੀ ਮਹਿਫ਼ਲ, ਵਿਚ ਨਾ ਜਾਈਏ।
ਜਾਣ ਬੁੱਝ ਨਾ, ਧੋਖੇ ਖਾਈਏ।
ਪੱਥਰਾਂ ਦੇ ਸੰਗ ਮੇਲ ਕੀ ਹੁੰਦਾ, ਭੁਰਨੇ ਵਾਲੇ ਦਾ।
ਕੰਡਿਆਂ ਦਾ ਕੀ ਦੋਸ਼, ਦੋਸ਼ ਤਾਂ ਤੁਰਨੇ ਵਾਲੇ ਦਾ।

ਵਿਚ ਇਸ਼ਕ ਦੇ ਸੋਹਣੀ, ਆਪਣੀ ਅਕਲ ਗੁਆ ਬੈਠੀ।
ਕੱਚਿਆ ਕੋਲੋਂ ਪਾਰ ਜਾਣ ਦੀਆਂ, ਆਸਾਂ ਲਾ ਬੈਠੀ।
ਪਾਣੀ ਅੱਗੇ ਜ਼ੋਰ ਕੀ ਹੁੰਦਾ, ਖੁਰਨੇ ਵਾਲੇ ਦਾ।
ਕੰਡਿਆਂ ...

ਸੋਹਣਿਆਂ ਨੇ ਵੀ ਆਪਣਾ ਆਪ, ਸਜਾਉਣਾ ਈ ਹੁੰਦਾ ਏ।
ਨੈਣੀ, ਸੁਰਮਾਂ ਚੀਚੀ ਛੱਲਾ, ਪਾਉਣਾ ਈ ਹੁੰਦਾ ਏ।
ਪਰ ਨਾ ਕੱਖ ਵੀ ਰਹੇ, ਦੇਖ ਕੇ ਝੁਰਨੇ ਵਾਲੇ ਦਾ।
ਕੰਡਿਆਂ ...

ਉਮਰ ਕੁਆਰੀ ਅੜੀਅਲ ਘੋੜੀ, ਕਾਬੂ ਆਵੇ ਨਾ।
ਕਰੋ ਦੁਆਵਾਂ ਕੋਈ ਸਹਿਬਾਂ-ਮਿਰਜ਼ਾ, ਅਖਵਾਵੇ ਨਾ
ਮੁੜਨਾ ਵੱਸਦਾ 'ਮੰਗਲ' ਪੱਟਿਆ ਸੁਰਮੇ ਕਾਲੇ ਦਾ
ਕੰਡਿਆਂ ਦਾ ਕੀ ਦੋਸ਼, ਦੋਸ਼ ਤਾਂ ਤੁਰਨੇ ਵਾਲੇ ਦਾ।

*ਆਵਾਜ਼- ਕਮਲ ਹੀਰ*

## ਆਜਾ ਆਪਾਂ ਨੱਚੀਏ

ਦੁਨੀਆਂ ਦੀ ਛੱਡ ਪਰਵਾਹ, ਨੀਂ ਆਜਾ ਆਪਾਂ ਨੱਚੀਏ ਮਜ਼ਾਜਣੇ।
ਬਿਨਾਂ ਗੱਲੋਂ ਦੂਰੀਆਂ ਨਾ ਪਾ, ਨੀਂ ਆਜਾ ਆਪਾਂ ਨੱਚੀਏ ਮਜ਼ਾਜਣੇ।

ਰਾਤ ਦੀਏ ਰਾਣੀਏ ਨੀਂ, ਫੁੱਲਾਂ ਦੀਏ ਟਾਹਣੀਏ।
ਚਾਰੇ ਪਾਸੇ ਮਹਿਕਾ ਦੇ, ਅੱਜ ਵਲ ਖਾਣੀਏ।
ਘੁੰਮ ਘੁੰਮ ਲੱਕ ਲਚਕਾ ਨੀਂ, ਆਜਾ ਆਪਾਂ ਨੱਚੀਏ ਮਜ਼ਾਜਣੇ।
ਦੁਨੀਆਂ ...

ਇਕ ਹੱਥ ਮੁੰਦੀਆਂ ਤੇ, ਦੂਜੇ ਹੱਥ ਛੱਲਾ ਨੀਂ।
ਇਹ ਛੱਲਾ ਸਾਨੂੰ ਦੇ ਦੇ, ਫੱਬਦਾ ਨਾ 'ਕੱਲਾ ਨੀਂ।
ਛੱਲੇ ਨਾਲ ਦਿਲ ਨੂੰ ਵਟਾ ਨੀਂ, ਆਜਾ ਆਪਾਂ ਨੱਚੀਏ ਮਜ਼ਾਜਣੇ।
ਦੁਨੀਆਂ ...

ਇਕ ਵਾਰ ਸਾਡਿਆਂ, ਇਸ਼ਾਰਿਆਂ 'ਤੇ ਨੱਚ ਲਈਂ।
ਫੇਰ ਭਾਵੇਂ ਅੰਬਰਾਂ ਦੇ, ਤਾਰਿਆਂ 'ਤੇ ਨੱਚ ਲਈਂ।
ਧਮਕਾ ਨਾ ਅੰਬਰ ਹਿਲਾ ਨੀਂ, ਆਜਾ ਆਪਾਂ ਨੱਚੀਏ ਮਜ਼ਾਜਣੇ
ਦੁਨੀਆਂ ...

ਛੱਡ ਪਰੇ ਆਕੜਾਂ ਤੇ, ਛੱਡ ਦੇ ਗਰੂਰ ਨੂੰ।
ਹੱਸ ਕੇ ਫੜਾ ਦੇ ਵੀਣੀ 'ਮੰਗਲ ਹਠੂਰ' ਨੂੰ
ਉਮਰਾਂ ਦੀ ਸਾਂਝ ਲਈਏ ਪਾ ਨੀਂ, ਆਜਾ ਆਪਾਂ ਨੱਚੀਏ ਮਜ਼ਾਜਣੇ।
ਦੁਨੀਆਂ ਦੀ ਛੱਡ ਪਰਵਾਹ ਨੀਂ ਆਜਾ ਆਪਾਂ ਨੱਚੀਏ ਮਜ਼ਾਜਣੇ।

*ਆਵਾਜ਼- ਮਨਮੋਹਨ ਵਾਰਿਸ*

## ਅੱਖੀਆਂ ਮੀਂਹ ਵਰਸਾਉਣਗੀਆਂ

ਤੇਰੇ ਦਿਲ ਵਿਚ ਜਦ ਵੀ ਮੇਰੀਆਂ ਯਾਦਾਂ ਫੇਰੇ ਪਾਉਣਗੀਆਂ
ਸੁੱਤੀ ਪਈ ਨੂੰ ਹਿਚਕੀਆਂ ਆਉਣਗੀਆਂ

ਜਿਥੇ ਪਹਿਲੀ ਵਾਰ ਮਿਲੇ ਸੀ, ਯਾਦ ਆਊ ਉਹ ਥਾਂ ਤੈਨੂੰ।
ਜਿਸ ਉਤੇ ਸਿਰ ਧਰ ਸੌਂਦੀ ਸੈਂ, ਨਾ ਭੁੱਲਣੀ ਮੇਰੀ ਬਾਂਹ ਤੈਨੂੰ।
ਬੀਤੀਆਂ ਯਾਦਾਂ ਜਿੰਦ ਤੇਰੀ ਨੂੰ, ਹਿਜ਼ਰ ਦੇ ਫਾਹੇ ਲਾਉਣਗੀਆਂ
ਸੁੱਤੀ...

ਸਾਉਣ ਮਹੀਨਾ, ਸਰਦ ਹਵਾਵਾਂ, ਰਾਸ ਨਾ ਇਸ਼ਕ ਬੀਮਾਰਾਂ ਨੂੰ।
ਮੈਨੂੰ 'ਕੱਲੀ ਰਹਿਣ ਦਿਓ, ਤੂੰ ਆਖੇਂਗੀ ਮੁਟਿਆਰਾਂ ਨੂੰ।
ਕਾਲੀਆਂ ਕੋਇਲਾਂ, ਰੋਂਦੀ ਹੋਈ ਨੂੰ, ਆਕੇ ਹੋਰ ਰਵਾਉਣ ਗੀਆਂ।
ਸੁੱਤੀ...

ਯਾਦ ਸੱਜਣ ਦੀ, ਸੱਪ ਵਰਗੀ, ਤੇਰੇ ਤਨ-ਮਨ ਜ਼ਹਿਰ ਸਮੋ ਜਾਊ।
ਜੀਊਣਾ ਤਾਂ ਇਕ ਪਾਸੇ, ਤੈਨੂੰ ਮਰਨਾ ਔਖਾ ਹੋ ਜਾਊ।
'ਮੰਗਲ' ਬਾਝੋਂ ਜਾਨ ਨਾ ਨਿਕਲੂ, ਅੱਖੀਆਂ ਮੀਂਹ ਵਰਸਾਉਣ ਗੀਆਂ।
ਸੁੱਤੀ ਪਈ ਨੂੰ ਹਿਚਕੀਆਂ ਆਉਣ ਗੀਆਂ।

*ਆਵਾਜ਼- ਮਨਮੋਹਨ ਵਾਰਿਸ*

## ਹਾਨਣੇ ਨੱਚ ਲੈ ਨੀਂ

ਹਾਨਣੇ ਨੀਂ ਸਾਡੇ ਨਾਲ ਨੱਚ ਲੈ, ਹੁਸਨ ਦਾ ਮਾਣ ਕਾਹਨੂੰ ਕਰੇਂ ਤੂੰ।
ਧਰਤੀ 'ਤੇ ਚਾਦਰਾ ਵਿਛਾ ਦਈਏ, ਪੈਰ ਮੈਲੇ ਹੋਣ ਤੋਂ ਜੇ ਡਰੇਂ ਤੂੰ।

ਚਾਦਰੇ 'ਤੇ ਸੂਹੇ-ਸੂਹੇ, ਫੁੱਲ ਵੀ ਸਜਾਵਾਂ ਗੇ।
ਫੁੱਲ ਵੀ ਜੇ ਚੁੱਭੇ, ਪੈਰੀਂ ਤਲੀਆਂ ਟਿਕਾਵਾਂਗੇ।
ਉਸ ਥਾਂ 'ਤੇ ਦਿਲ ਅਸੀਂ ਰੱਖੀਏ, ਅੱਡੀ ਜਿਥੇ ਜੋਸ਼ ਨਾਲ ਧਰੇਂ ਤੂੰ।
ਧਰਤੀ...

ਅੱਜ ਲਹਿਰਾ ਦੇ, ਕਾਲੀ ਘਟਾ ਜਹੇ ਵਾਲ ਨੀਂ।
ਆਉਣੀਆਂ ਬਹਾਰਾਂ, ਏਸੇ ਨਖਰੇ ਦੇ ਨਾਲ ਨੀਂ।
ਤਪੇ ਹੋਏ ਦਿਲ ਝੂਮ ਪੈਣ ਗੇ, ਬੱਦਲੀ ਦੇ ਵਾਂਗਰਾਂ ਜੇ ਵਰੇਂ ਤੂੰ।
ਧਰਤੀ...

ਗਜਰੇ ਲਿਆਵਾਂ ਗੇ, ਜੇ ਟੁੱਟ ਗਈਆਂ ਵੰਗਾਂ ਨੀਂ।
ਪੂਰੀਆਂ ਕਰਾਂ ਗੇ, ਅਸੀਂ ਸਾਰੀਆਂ ਹੀ ਮੰਗਾਂ ਨੀਂ।
ਹਰ ਘਾਟਾ ਝੱਲਾਂ ਗੇ ਨੀਂ ਹੀਰੀਏ, ਕਿਹੜੀ ਗੱਲੋਂ ਵਿਚੋ ਵਿਚ ਖਰੇਂ ਤੂੰ।
ਧਰਤੀ...

ਜੇ ਤੂੰ ਅੱਜ ਨੱਚੇਂ, ਅਸੀਂ ਪੂਰਾ ਮੁੱਲ ਤਾਰਨਾ।
ਹੀਰੇ ਜਹੇ ਦਿਲ ਨੂੰ ਏ, ਤੇਰੇ ਉਤੋਂ ਵਾਰਨਾ।
ਪਤਾ ਲੱਗਾ 'ਮੰਗਲ ਹਠੂਰ' ਤੋਂ ਬੋਲੀਆਂ 'ਚ ਕਿਸੇ ਤੋਂ ਨਾ ਹਰੇਂ ਤੂੰ।
ਧਰਤੀ 'ਤੇ ਚਾਦਰਾ ਵਿਛਾ ਦਈਏ, ਪੈਰ ਮੈਲੇ ਹੋਣ ਤੋਂ ਜੇ ਡਰੇਂ ਤੂੰ।

*ਆਵਾਜ਼-ਮਨਮੋਹਨ ਵਰਿਸ*

## ਗੱਡੀ ਕੁੜੀ ਕੁਆਰੀ

ਬੱਚਿਆਂ ਵਾਂਗੂੰ ਰੱਖੇ ਬਚਾ ਕੇ, ਹਰ ਸ਼ੀਸਾ ਹਰ ਬਾਰੀ।
ਗੱਡੀ ਤੇ ਡਰਾਇਵਰ ਦੀ, ਗੂੜ੍ਹੀ ਰਿਸ਼ਤੇਦਾਰੀ।

ਕਦੀ ਗੱਡੀ ਲਈ ਲਵੇ ਪਰਾਂਦੀ, ਕਦੀ ਲਿਆਵੇ ਚੂੜਾ।
ਸੱਜ ਵਿਆਹੀ ਉਤੇ ਲਿਖਿਆ, ਕਰਕੇ ਗੂੜ੍ਹਾ-ਗੂੜ੍ਹਾ।
ਸਿਹਰਿਆਂ ਨਾਲ ਲਿਆਂਦੀ ਨਾਲੋਂ, ਰੱਖਦਾ ਵੱਧ ਪਿਆਰੀ।
ਗੱਡੀ...

ਸਭ ਤੋਂ ਪਹਿਲਾਂ ਗੱਡੀ ਲੈ ਕੇ, ਗੁਰੂ ਦੁਵਾਰੇ ਆਵੇ।
ਆਪਣੀ ਸਾਥਣ ਵਾਲੀਆ, ਸੁੱਖਾਂ ਰੱਬ ਦੇ ਕੋਲੋਂ ਚਾਵੇ।
ਟੇਕ ਕੇ ਮੱਥਾ ਲੰਮੇ ਰੂਟ ਦੀ, ਕਰਦਾ ਝੱਟ ਤਿਆਰੀ।
ਗੱਡੀ...

ਗੇਅਰ ਉਤੇ ਹੱਥ, ਰੇਸ ਉਤੇ ਪੱਬ, ਸੋਚ ਸਮਝ ਕੇ ਧਰਦਾ।
ਅੱਲੜ ਜਹੀ ਨੂੰ ਟੁੱਟੀ ਸੜਕ ਦੇ, ਝਟਕੇ ਲੱਗਣੋਂ ਡਰਦਾ।
ਤਾਈਉਂ ਤਾਂ ਗੱਡੀ ਦਾ ਮੁਖੜਾ, ਜਿਉਂ ਕੋਈ ਕੁੜੀ ਕੁਆਰੀ।
ਗੱਡੀ..

ਪੂਰਾ ਕਰਕੇ ਤੇਲ ਪਾਣੀ ਜਦ, ਰੋਡ ਦੇ ਉਤੇ ਚੜ੍ਹਦੇ।
ਜ਼ਿੱਦ ਕੇ ਅੱਗੇ ਲੰਘਣ ਵਾਲੇ, ਬੇਰਾਂ ਵਾਂਗੂ ਝੜਦੇ।
ਜਾਣ ਬੁਝ ਕੇ ਅਸੀਂ ਕਿਸੇ ਨੂੰ, ਕਦੀ ਸਾਈਡ ਨਾ ਮਾਰੀ।
ਗੱਡੀ...

'ਹੱਦਾਂ ਦੀ ਰਾਖੀ ਲਈ 'ਮੰਗਲਾ' ਅਸਲ੍ਹਾ ਜਦੋਂ ਪਚਾਉਂਦੇ।
ਗੱਡੀ ਅਤੇ ਡਰਾਇਵਰ ਦੋਵੇਂ, ਦੇਸ਼ ਭਗਤ ਅਖਵਾਉਂਦੇ।
'ਵਾਰਿਸ' ਵੀ ਇਸ ਜੋੜੀ ਉਤੋਂ, ਜਾਂਦਾ ਵਾਰੀ-ਵਾਰੀ।
ਗੱਡੀ ਤੇ ਡਰਾਇਵਰ ਦੀ, ਗੂੜ੍ਹੀ ਰਿਸ਼ਤੇਦਾਰੀ।

*ਆਵਾਜ਼- ਮਨਮੋਹਨ ਵਾਰਿਸ*

## ਤਿੱਖਾ ਤੀਰ ਪਿਆਰਾਂ ਦਾ

ਤੇਰੀ ਰੰਗਲੀ ਮਹਿੰਦੀ ਮਾਰ ਗਈ,
ਕੋਈ ਵੱਸ ਨਾ ਚੱਲਿਆ ਯਾਰਾਂ ਦਾ।
ਇਕ ਤਿੱਖਾ ਤੀਰ ਪਿਆਰਾਂ ਦਾ,
ਤੂੰ ਉੱਠਦੀ ਬਹਿੰਦੀ ਮਾਰ ਗਈ।

ਇਕ ਹੱਥ ਦੇ ਵਿਚ ਸੂਰਜ ਚਮਕੇ, ਦੂਜੇ ਚਮਕੇ ਚੰਨ ਹੀਰੀਏ।
ਲੌਂਗ ਤੇਰੇ ਨੇ ਹਰ ਤਾਰੇ ਦੀ, ਆਕੜ ਦਿੱਤੀ ਭੰਨ ਹੀਰੀਏ।
ਵੰਗ ਵੰਗ ਨਾਲ ਖਹਿੰਦੀ ਮਾਰ ਗਈ,
ਸਾਨੂੰ...

ਤੇਰੀਆਂ ਇਹਨਾਂ ਦੋ ਅੱਖੀਆਂ ਵਿਚ, ਦੋ ਸੁਰਮੇ ਦੇ ਨਾਗ ਨੀਂ ਕੁੜੀਏ।
ਡੰਗ ਮਰਵਾ ਕੇ ਸਬਰ ਮੇਰੇ ਦੇ, ਬੁੱਝ ਗਏ ਅੱਜ ਚਿਰਾਗ ਨੀਂ ਕੁੜੀਏ।
ਚੜ੍ਹੀ ਜ਼ਹਿਰ ਨਾ ਲਹਿੰਦੀ ਮਾਰ ਗਈ,
ਸਾਨੂੰ...

ਦੋਹਰੀ ਕੱਢੀ ਸ਼ਰਾਬ ਵਰਗੀਏ, ਗੱਲ-ਗੱਲ ਉਤੇ ਲੜਿਆ ਨਾ ਕਰ।
ਗੁੱਸੇ ਰਹਿਣਾ ਆਦਤ ਮਾੜੀ, ਵਾਂਗ ਦੁੱਧ ਦੇ ਕੜ੍ਹਿਆ ਨਾ ਕਰ।
ਕੋਈ ਗੱਲ ਨਾ ਸਹਿੰਦੀ ਮਾਰ ਗਈ,
ਸਾਨੂੰ...

'ਕੱਲਿਆਂ ਕੋਲੋਂ ਉਮਰ ਨਾ ਲੰਘੇ, ਪਵੇ ਹਾਣੀ ਦੀ ਲੋੜ ਨੀਂ ਅੜੀਏ।
ਨਾਂਅ ਪਤਾ ਲਿਖਵਾ 'ਮੰਗਲ' ਨੂੰ, ਐਂਵੇ ਨਾ ਗੱਲ ਮੋੜ ਨੀਂ ਅੜੀਏ।
ਕਿਹੜੇ ਸ਼ਹਿਰ 'ਚ ਰਹਿੰਦੀ ਮਾਰ ਗਈ,
ਸਾਨੂੰ ਰੰਗਲੀ ਮਹਿੰਦੀ ਮਾਰ ਗਈ।

*ਆਵਾਜ਼- ਮਨਮੋਹਨ ਵਾਰਿਸ*

## ਸੁਣ ਗਾਗਰ ਵਾਲੀਏ

ਸੁਣ ਗਾਗਰ ਵਾਲੀਏ ਕੁੜੀਏ ਨੀਂ, ਪਾਣੀ ਦਾ ਘੁੱਟ ਪਿਆ ਜਾਵੀਂ।
ਅਸੀਂ ਬੜੇ ਪਿਆਸੇ ਰਾਹੀ ਆਂ, ਸਾਡੇ ਦਿਲ ਦੀ ਪਿਆਸ ਬੁਝਾ ਜਾਵੀਂ।

ਰੰਗਲਿਆਂ ਹੱਥਾਂ ਵਾਲਾ ਪਾਣੀ,
ਬਿਲਕੁੱਲ ਮੇਰੀ ਪਿਆਸ ਦਾ ਹਾਣੀ,
ਬੁੱਲ੍ਹ ਸੁਕਦੇ ਜਾਂਦੇ ਨੀਂ ਅੱਲ੍ਹੜੇ, ਮੁੱਕਦੇ ਦੀ ਜਾਨ ਬਚਾ ਜਾਵੀਂ।
ਸੁਣ ਗਾਗਰ ਵਾਲੀਏ...

ਗਾਗਰ ਤੇਰੇ ਵਰਗੀ ਸੋਹਣੀ,
ਐਸੀ ਜੋੜੀ ਹੋਰ ਨਾ ਹੋਣੀ।
ਜੀਹਨਾਂ ਸੂਰਤਾਂ ਏਹੋ ਘੜੀਆਂ ਨੇ, ਕਾਰੀਗਰਾਂ ਦੇ ਨਾਂਅ ਬਤਾ ਜਾਵੀਂ।
ਸੁਣ...

ਸਖੀਆਂ ਵਿਚ ਤੂੰ ਰਾਣੀ ਲਗਦੀ।
ਰਾਣੀਆਂ ਵਿਚ ਪਟਰਾਣੀ ਲਗਦੀ।
ਖੁਸ਼ੀਆਂ ਨਾਲ ਝੋਲੀ ਭਰ ਜਾਵੇ, ਕੋਈ ਐਸਾ ਹੁਕਮ ਸੁਣਾ ਜਾਵੀਂ।
ਸੁਣ...

ਤੂੰ ਮੈਨੂੰ ਕੋਈ ਵਿੱਛੜੀ ਲਗਦੀ,
ਸਾਡੇ ਨਾਲੋਂ ਨਿੱਖੜੀ ਲਗਦੀ,
ਪਹਿਚਾਣ 'ਮੰਗਲ' ਨੂੰ ਨੀਂ ਹੀਰੇ ਲੱਭਿਆ ਨਾ ਚਾਕ ਗੁਆ ਜਾਵੀਂ।
ਸੁਣ ਗਾਗਰ ਵਾਲੀਏ ਕੁੜੀਏ ਨੀਂ ਪਾਣੀ ਦਾ ਘੁੱਟ ਪਿਆ ਜਾਵੀਂ।

*ਆਵਾਜ਼- ਮਨਮੋਹਨ ਵਾਰਿਸ*

# ਗੋਰੀ ਗੋਰੀ ਛੋਰੀ

ਗੋਰੀ-ਗੋਰੀ ਛੋਰੀ,
ਮੈਂ ਹੂੰ ਚਾਂਦ-ਤੂੰ ਚਕੋਰੀ,
ਐਸੇ ਨਾ ਨਜ਼ਰ ਚੁਰਾਇਆ ਕਰੋ।
ਜੀ ਹਮੇ ਰਾਤ ਕੋ ਮਿਲਨੇ ਆਇਆ ਕਰੋ।

ਧਕ-ਧਕ ਧੜਕੇ ਦਿਲ ਯੇ ਮੇਰਾ, ਜਬ ਤੇਰਾ ਦੀਦਾਰ ਕਰੂੰ।
ਏਕ ਤਮੰਨਾ ਦਿਲ ਕੀ ਤੁਮ ਸੇ, ਖੁੱਲ੍ਹਮ–ਖੁੱਲ੍ਹਾ ਪਿਆਰ ਕਰੂੰ।
ਤੂੰ ਜੋ ਬੋਲੇ ਕਰ ਜਾਊਂ,
ਦੁਨੀਆਂ ਸੇ ਟਕਰਾਊਂ,
ਹਮੇ ਜਬ ਚਾਹੇ ਅਜਮਾਇਆ ਕਰੋ,
ਹਮੇ ਰਾਤ ਕੋ...।

ਬਚਪਨ ਬੀਤਾ ਆਈ ਜਵਾਨੀ, ਤਨ ਔਰ ਮਨ ਮੇਂ ਅਗਨ ਲਗੀ।
ਭੂਲ ਗਆ ਹੂੰ ਡਰ ਦੁਨੀਆ ਕਾ, ਮੁਝ ਕੋ ਤੇਰੀ ਲਗਨ ਲਗੀ।
ਮੈਂ ਹੂੰ ਪਿਆਸਾ ਤੂੰ ਹੈ ਪਾਨੀ,
ਤੇਰੇ ਹਾਥ ਜ਼ਿੰਦਗਾਨੀ।
ਜਨਮੋਂ ਕੀ ਪਿਆਸ ਬੁਝਾਇਆ ਕਰੋ।
ਹਮੇ ਰਾਤ...

ਨਾ ਜਾਨੇ ਕਿਉਂ ਸਪਨੇ ਦੇਖੂੰ, ਸਪਨੋਂ ਮੇਂ ਤੂੰ ਆਏ ਰੇ।
ਮੈਂ ਬਨਤਾ ਹੂੰ ਦੁਲਹਾ ਤੇਰਾ, ਤੂੰ ਦੁਲਹਨ ਬਨ ਜਾਏ ਰੇ।
ਫਿਰ ਬਜੇ ਸ਼ਹਿਨਾਈ,
ਡੋਲੀ ਜਾਤੀ ਹੈ ਸਜਾਈ,
ਸਪਨੇ ਸਾਕਾਰ ਕਰਾਇਆ ਕਰੋ।
ਹਮੇ ਰਾਤ ਕੋ...।

ਜਬ ਆਕਾਸ਼ ਪੇ ਚੰਦਾ ਨਿਕਲੇ, ਤਾਰੋਂ ਕੀ ਬਾਰਾਤ ਲੀਏ।
ਹਮ ਭੀ ਛੱਤ ਪੇ ਕਰੇਂਗੇ ਬਾਤੇਂ, ਹਾਥ ਮੇਂ ਤੇਰਾ ਹਾਥ ਲੀਏ।

ਕਿਸੀ ਕੋ ਨਾ ਯੇ ਬਤਾਨਾ,
ਨਾ ਪਾਇਲ ਛਨਕਾਨਾ,
ਦਿਲ ਮੇਂ ਕੁਛ ਰਾਜ਼ ਛੁਪਾਇਆ ਕਰੋ।
ਹਮੇ ਰਾਤ ਕੋ ਮਿਲਨੇ ਆਇਆ ਕਰੋ।

*ਆਵਾਜ਼- ਮਨਮੋਹਨ ਵਾਰਿਸ*

## ਦੋ ਛੜੇ ਢੋਲਕੀ ਲਿਆਏ

ਦੋ ਛੜੇ ਪੈਸੇ ਪਾਕੇ, ਢੋਲਕੀ ਲਿਆਏ।
ਦੋਵਾਂ 'ਚੋ ਵਜਾਉਣੀ ਤਾਂ, ਬਈ ਕਿਸੇ ਨੂੰ ਨਾ ਆਏ।
ਤੁਸੀਂ ਵੇਖਿਉ ਨਵਾਂ ਚੰਨ ਚਾੜਨ ਗੇ।
ਦੋ ਦਿਨਾਂ 'ਚ ਢੋਲਕੀ ਪਾੜਨ ਗੇ।

ਛੜੇ ਸੀ ਪੰਜਾਬ ਦੇ ਤੇ, ਗਏ ਉਹ ਬਿਹਾਰ।
ਉੱਥੇ ਇਕ ਕੁੜੀ ਨਾਲ, ਪਾ ਬੈਠੇ ਪਿਆਰ।
ਹੁਣ ਖ਼ਤ ਪਿਆਰਾਂ ਦੇ ਲਿਖਦੇ ਨੇ,
ਨਾਲੇ ਹਿੰਦੀ ਬੋਲਣੀ ਸਿੱਖਦੇ ਨੇ।

ਛੜਾ ਬੈਠਾ ਛੜੇ ਨਾਲ, ਕਰਦਾ ਦਲੀਲਾਂ।
ਸੁਣਦਾ ਨਾ ਏਥੇ ਕੋਈ, ਸਾਡੀਆਂ ਅਪੀਲਾਂ।
ਜੱਜ ਬਣਕੇ ਵਲੈਤ ਵਿਚੋਂ ਆਵਾਂਗੇ,
ਰੰਨਾਂ ਵਾਲਿਆਂ 'ਤੇ ਕੇਸ ਚਲਾਵਾਂ ਗੇ।

ਦੋ ਛੜਿਆਂ ਨੂੰ ਮੇਮ ਦੀ ਸੀ ਫੋਟੋ ਲੱਭੀ,
ਫੋਟੋ ਪਿੱਛੇ ਦੋਵਾਂ 'ਚ, ਲੜਾਈ ਹੋਣ ਲੱਗੀ।
ਹੁਣ ਦਾਗ਼ ਹਿਜਰ ਦੇ ਧੋਂਦੇ ਨੇ,
ਨਾਲੇ 'ਮੰਗਲਾ' ਜੇਲ੍ਹ ਵਿਚ ਰੋਂਦੇ ਨੇ।

*ਆਵਾਜ਼- ਕਮਲ ਹੀਰ*

## ਚੁਗਾਤੀ ਇਸ਼ਕੇ ਦੀ ਚੋਗ

ਚੰਗੇ ਭਲੇ ਵੱਸਦੇ ਸਾਂ, ਕੋਈ ਨਾ ਸੀ ਰੋਗ ਵੇ।
ਖੌਰੇ ਤੂੰ ਚੁਗਾਤੀ ਕੈਸੀ, ਇਸ਼ਕੇ ਦੀ ਚੋਗ ਵੇ।
ਚਰਖੇ ਵੀ ਛੁੱਟ ਗਏ, ਤ੍ਰਿੰਜਣ ਵੀ ਛੁੱਟ ਗਏ, ਛੁੱਟ ਗਏ ਸਹੇਲੀਆਂ ਦੇ ਪੂਰ।
ਹਰ ਰਾਤ ਜਾਗਾਂ ਮੈਂ ਦੀਵਾਲੀ ਵਾਲੇ ਦੀਵੇ ਵਾਗੂੰ, ਗਿਆ ਤੂੰ ਜਦੋਂ ਦਾ ਸਾਥੋਂ ਦੂਰ।

ਪਿਆਰ ਵਿਚ ਖੱਟਿਆ ਮੈਂ, ਤਾਹਨਿਆਂ ਦੀ ਅੱਗ ਨੂੰ।
ਅੱਖਾਂ ਨਾਲ ਵੇਖ ਲਿਆ, ਵੈਰੀ ਹੁੰਦੇ ਜੱਗ ਨੂੰ।
ਘਰ ਦੇ ਵੀ ਘੂਰਦੇ ਤੇ ਬਾਹਰ ਦੇ ਵੀ ਘੂਰਦੇ, ਘਰੋਂ ਬਾਹਰੋਂ ਪੈਂਦੀ ਮੈਨੂੰ ਘੂਰ।
ਹਰ ਰਾਤ...

ਦਿਲ ਹੁਣ ਫੜੇ, ਖੁਸ਼ੀ ਵਾਲੀ ਧਰਵਾਸ ਨਾ।
ਏਨਾ ਟੁੱਟ ਚੁੱਕਾ ਰੱਖੇ, ਪੀਰਾਂ 'ਤੇ ਵੀ ਆਸ ਨਾ।
ਮੇਲੇ ਵੀ ਨਾ ਚਾਹੁੰਦੀ ਤੇ ਮੈਂ ਮੌਜਾਂ ਵੀ ਨਾ ਚਾਹੁੰਦੀ, ਰਹਿਣਾ ਚਾਹਵਾਂ ਦੁਨੀਆਂ ਤੋਂ ਦੂਰ।
ਹਰ ਰਾਤ...

ਮਹਿੰਦੀ ਰੱਤੀ ਚੀਚੀ ਮੇਰੀ, ਛੱਲੇ ਨੂੰ ਤੂੰ ਪਾਇਆ ਸੀ।
'ਮੰਗਲ' ਤੋਂ ਪੁੱਛ ਲਾਰਾ, ਉਮਰਾਂ ਦਾ ਲਾਇਆ ਸੀ।
ਕਿਥੋਂ ਫੜੀ ਉਂਗਲੀ ਤੇ ਕਿੱਥੇ ਹੱਥ ਛੱਡ ਗਿਉਂ, ਕਿਵੇਂ ਲੱਭਾਂ ਪਿੰਡ ਮੈਂ 'ਹਠੂਰ'।
ਹਰ ਰਾਤ ਜਾਗਾਂ ਮੈਂ ਦੀਵਾਲੀ ਵਾਲੇ ਦੀਵੇ ਵਾਂਗੂ, ਜਦੋਂ ਦਾ ਗਿਆ ਤੂੰ ਸਾਥੋਂ ਦੂਰ।

*ਆਵਾਜ਼- ਮਨਮੋਹਨ ਵਾਰਿਸ*

## ਤੀਰ ਗਰਜਦੇ ਸ਼ੇਰ

ਸਹਿਬਾਂ ਬਹਿ ਜਾ ਨਾਲ ਯਕੀਨ ਦੇ,
ਮੇਰੀ ਜਿੱਤ ਨੇ ਮੇਰੇ ਤੀਰ।

ਵੇਖੀਂ ਡਿੱਗਦੇ ਮਲਬੇ ਵਾਂਗਰਾਂ,
ਤੇਰੇ ਬੁਰਜੀਆਂ ਵਰਗੇ ਵੀਰ।

ਮੇਰੇ ਤੀਰ ਗਰਜਦੇ ਸ਼ੇਰ ਨੇ,
ਦੱਸ ਪਾਊ ਕੌਣ ਜ਼ੰਜੀਰ।

ਮੇਰੇ ਤੀਰਾਂ ਦੇ ਵਿਚ ਬਿਜਲੀਆਂ,
ਇਹ ਕਰਨ ਖ਼ੂਨ ਨੂੰ ਨੀਰ।

ਮੇਰੇ ਤੀਰਾਂ ਵਿਚ ਤੂਫ਼ਾਨ ਨੇ,
ਕਿਸੇ ਰੁੱਖ ਜਿਹਾ ਤੇਰਾ ਸ਼ਮੀਰ।

ਮੇਰੇ ਤੀਰ ਸੌਦਾਗਰ ਮੌਤ ਦੇ,
ਅੱਜ ਸਭ ਦੀ ਆਈ ਅਖੀਰ।

ਨੀਂ ਤੂੰ ਜੱਟ ਨੂੰ ਸੁੱਤਾ ਰਹਿਣ ਦੇ,
ਰੱਖ 'ਮੰਗਲ' ਵਾਗੂੰ ਧੀਰ।

*ਆਵਾਜ਼- ਕਮਲ ਹੀਰ*

## ਮੁੜ ਹੋਣ ਨਸੀਬਾਂ ਨਾਲ

ਹੱਥ ਘੁੱਟ ਕੇ ਫੜ ਲਈਂ ਵੇ, ਹਾਲੇ ਸਾਡੀ ਉਮਰ ਨਿਆਣੀ।
ਮੈਂ ਸੁਣਿਐਂ ਮੇਲੇ 'ਚੋਂ, ਵਿਛੜ ਗਏ ਕਈ ਰੂਹਾਂ ਦੇ ਹਾਣੀ।
ਇਹ ਦਰਦ ਵਿਛੋੜੇ ਦੇ, ਮੈਥੋਂ ਨਾ ਜਾਣੇ ਵੇ ਝੇਲੇ।
ਮੁੜ ਹੋਣ ਨਸੀਬਾਂ ਨਾਲ, ਸੋਹਣਿਆਂ ਵਿਛੜ ਗਿਆਂ ਦੇ ਮੇਲੇ

ਮੇਲੇ ਦੇ ਰੰਗ ਵਰਗੀ, ਆ ਇਕ ਰੰਗਲੀ ਗੱਲ ਸੁਣਾਵਾਂ।
ਮੇਰੀ ਪੀਂਘ ਨੇ ਉਮਰਾਂ ਦੀ, ਸੋਹਣਿਆਂ ਤੇਰੀਆਂ ਇਹ ਦੋ ਬਾਹਵਾਂ।
ਲੈ ਝੂਟਾ ਪਿਆਰਾਂ ਦਾ, ਮੇਰੀ ਰੂਹ ਮਸਤੀ ਵਿਚ ਖੇਲੇ।
ਮੁੜ...

ਤੂੰ ਮਿਲਿਆ ਰੱਬ ਮਿਲਿਆ, ਤੇਰੇ ਬਾਝੋਂ ਕੁਝ ਨਾ ਚਾਹਵਾਂ।
ਪਰ ਕੋਝੀ ਦੁਨੀਆ ਦੀ, ਰੀਤੋਂ ਮੈਂ ਸੱਜਣਾ ਘਬਰਾਵਾਂ।
ਇਹਨੇ ਇਸ਼ਕ ਮਿਟਾਵਣ ਲਈ, ਹਰ ਪਲ ਕਈ ਕਈ ਰੰਗ ਵਖੇਲੇ
ਮੁੜ...

ਮੈਂ ਤੇਰੀ ਕਠਪੁਤਲੀ, ਮੇਰੀਆਂ ਡੋਰਾਂ ਧਾਗੇ ਸਾਰੇ।
ਹਰ ਜਨਮ ਉਡੀਕਣਗੇ, ਸੋਚਾਂ ਤੇਰੀਆਂ ਦੇ ਇਸ਼ਾਰੇ।
ਤੇਰੇ ਬਾਝੋਂ 'ਮੰਗਲਾ' ਵੇ, ਸੱਖਣੇ ਰਹਿਣਗੇ ਦਿਲ ਦੇ ਬੇਲੇ,
ਮੁੜ ਹੋਣ ਨਸੀਬਾਂ ਨਾਲ, ਸੋਹਣਿਆਂ ਵਿਛੜ ਗਿਆਂ ਦੇ ਮੇਲੇ।

*ਆਵਾਜ਼- ਮਨਮੋਹਨ ਵਾਰਿਸ*

## ਬੋਲੀਆਂ

ਤਾਣਾ-ਤਾਣਾ-ਤਾਣਾ,
ਕਹਿਣ ਸਿਆਣੇ ਔਖਾ ਗਾਣਾ,
ਪਰ ਅਸੀਂ ਗਾਉਣੋ ਡਰੀਏ ਨਾ
ਸੀ.ਡੀ. ਲਾ ਕੇ ਯਾਰਾਂ ਦੇ ਨਾਲ ਧੋਖਾ ਕਰੀਏ ਨਾ।

*ਆਵਾਜ਼- ਕਮਲ ਹੀਰ*

## ਰੋਗ ਨਾ ਨੇੜੇ ਆਵੇ

ਤੰਦਰੁਸਤੀ ਲਈ ਹਰ ਕੋਈ ਬੰਦਾ, ਸੌ ਨੁਕਤੇ ਅਜਮਾਵੇ।
ਕਿਸੇ ਦੇ ਆਖੇ ਗਲਾ ਬੈਠੇ ਤੋਂ ਡੈਮੂ ਨੱਕ 'ਚ ਲਾਵੇ।
ਕਿਸੇ ਦੇ ਆਖੇ ਵਾਲ ਆਉਣ ਤੋਂ, ਖਟਮਲ ਸਿਰ ਵਿਚ ਪਾਵੇ।
ਦਾਤ ਪੁੱਤਰ ਦੀ ਪਾਉਣ ਵਾਸਤੇ, ਦਰ ਦਰ ਨੱਕ ਘਸਾਵੇ।
ਇਕ ਫਾਨੀ ਸ਼ੋਹਰਤ ਦੀ ਖਾਤਰ, ਸਾਧਾਂ ਦੇ ਦਰ ਜਾਵੇ।
ਕਿਸੇ ਦੇ ਆਖੇ ਜਵੈਣ ਦੀ ਧੂਣੀ, ਖਾਜ ਵਾਸਤੇ ਲਾਵੇ।
ਕਿਸੇ ਦੇ ਆਖੇ ਦੁੱਖਦੇ ਕੰਨ ਵਿਚ, ਲਸਣ ਸਾੜ ਕੇ ਪਾਵੇ।
ਕਿਸੇ ਦੇ ਆਖੇ ਦੁਖਦੀ ਕੱਛ ਵਿਚ, ਡੱਡੂਆਂ ਤੋਂ ਮੁਤਵਾਵੇ।
ਕਿਸੇ ਦੇ ਆਖੇ ਭੂਤ ਦੇ ਡਰ ਤੋਂ, ਗੁੱਗਲ ਘਰੇ ਧੁਖਾਵੇ।
ਕਿਸੇ ਦੇ ਆਖੇ ਮੰਤਰ ਦੇ ਨਾਲ, ਪੱਕੀ ਧਰਨ ਕਢਾਵੇ।
ਕਿਸੇ ਦੇ ਆਖੇ ਕਾਲਾ ਕੁੱਕੜ, ਕਬਰਾਂ ਵਿਚ ਛੱਡਵਾਵੇ।
'ਮੰਗਲ' ਵਰਗਾ ਟੋਟਕਿਆਂ ਨਾਲ, ਦੁੱਖੜੇ ਹੋਰ ਵਧਾਵੇ।
ਪਰ ਕੋਈ ਦਵਾਈ ਕੰਮ ਨਾ ਕਰਦੀ ਜੇ ਨਾ ਮਾਲਕ ਚਾਹਵੇ
ਜੇਕਰ ਰੱਬ ਚਾਹਵੇ ਤਾਂ ਰੋਗ ਨੇੜੇ ਨਾ ਆਵੇ।

*ਆਵਾਜ਼- ਕਮਲ ਹੀਰ*

## ਬੋਲੀਆਂ

ਕਲੀਆਂ- ਕਲੀਆਂ- ਕਲੀਆਂ,
ਰੱਖ ਲਉ ਸਾਂਭ ਹੁਸਨ ਦੀਆਂ ਡਲੀਆਂ।
ਨਹੀਂ ਤੇ ਕੌਡਿਆਂ ਦੇ ਭਾਅ ਚੱਲੀਆਂ,
ਵੇਲਾ ਅਜੇ ਵੀ ਰਹਿੰਦਾ ਏ,
ਤਨ ਨੂੰ ਮੁੜ-ਮੁੜ ਜੋਬਨ ਵਾਲਾ ਫ਼ਲ ਨਾ ਪੈਂਦਾ ਏ।

ਕੈਦੇ-ਕੈਦੇ-ਕੈਦੇ
ਹਰ ਗੱਲ ਕਰੂ 'ਮੰਗਲ' ਦੀ ਫਾਇਦੇ
ਇਹ ਨੇ ਸਾਡੇ ਪੱਕੇ ਵਾਇਦੇ,
ਕੋਈ ਗੱਲ ਨਾ ਠੁਕਰਾਇਉ ਨੀਂ,
ਬੁਰਾ ਜ਼ਮਾਨਾ ਅੱਖੀਆਂ ਸੋਚ ਸਮਝ ਕੇ ਲਾਇਉ ਨੀਂ।

ਛੈਣੇ-ਛੈਣੇ-ਛੈਣੇ,
ਪੈਸੇ ਧੇਲੇ ਏਥੇ ਈ ਰਹਿਣੇ।
ਇਹਨਾਂ ਬਦਲੇ ਪੈਕੇ ਗਹਿਣੇ,
ਕਿਸੇ ਨਾਲ ਦਗਾ ਕਮਾਇਉ ਨਾ,
ਅੰਬਰੀ ਉਡਣੋਂ ਪਹਿਲਾਂ ਨਜ਼ਰਾਂ 'ਚੋਂ ਗਿਰ ਜਾਇਓ ਨਾ।

ਪਾਵੇ - ਪਾਵੇ - ਪਾਵੇ
ਜੇ ਕੋਈ ਪਿੱਠ 'ਤੇ ਛੁਰੀ ਚਲਾਵੇ।
ਉਹਨੂੰ ਮੁੜਕੇ ਮੂੰਹ ਨਾ ਲਾਵੇ,
ਰੋਣਾ ਪੱਲੇ ਪਾ ਕੇ ਜਾਊ ਗਾ।
ਮੌਕਾ ਵੇਖ ਕੇ ਯਾਰੋ, ਆਪਣਾ ਵਾਰ ਚਲਾ ਜਾਊਗਾ।

ਪੋਰੀ - ਪੋਰੀ - ਪੋਰੀ
ਸਾਹੀਂ ਰਚੀ ਅੰਮੀ ਦੀ ਲੋਰੀ,
ਜਾਂ ਫਿਰ ਬਾਬੇ ਦੀ ਪੱਗ ਕੋਰੀ,
ਜੀਹਦਾ ਠਾਠ ਨਵਾਬੀ ਏ (ਜੀਹਦਾ ਰੋਅਬ ਨਵਾਬੀ ਏ)
ਜਾਨ ਨਾਲੋਂ ਵੀ ਪਿਆਰੀ ਸਾਨੂੰ ਇਹ ਪੰਜਾਬੀ ਏ

*ਆਵਾਜ਼- ਕਮਲ ਹੀਰ*

## ਬੋਲੀਆਂ

ਆਈ ਵਿਸਾਖੀ ਪੈਰ ਥਿਰਕ ਪਏ,
ਮੇਰਾ ਜੀਅ ਨੱਚਣੇ ਨੂੰ ਕਰਦਾ
ਮੈਂ ਕੱਢਣਾ ਪਸੀਨੇ ਵਿਚ ਦੀ, ਜਿਹੜਾ ਖਾਧਾ ਏ ਘਿਉ ਘਰਦਾ।

ਹੋਲੀ - ਹੋਲੀ - ਹੋਲੀ,
ਆਈ ਮੁੰਡਿਆਂ ਵਾਲੀ ਟੋਲੀ,
ਪਾਕੇ ਰੰਗ ਖੁਸ਼ੀ ਨਾਲ ਬੋਲੀ,
ਭਾਅ ਜੀ ਗੁੱਸਾ ਕਰਿਉ ਨਾ,
ਰੰਗਾਂ ਬਿਨ ਨਹੀਂ ਸਰਦਾ ਰੰਗਾਂ ਕੋਲੋਂ ਡਰਿਓ ਨਾ।

ਡੋਰੀ - ਡੋਰੀ - ਡੋਰੀ,
ਨਾ ਹੀ ਚੱਲਦੀ ਸੀਨਾ ਜ਼ੋਰੀ,
ਇਕ ਦਿਨ ਫੜੀ ਹੀ ਜਾਵੇ ਚੋਰੀ,
ਡਰ ਨੂੰ ਦਿਲੋਂ ਭੁਲਾਈਏ ਨਾ,
ਹੋਰ ਕਿਸੇ ਦੀ ਨਕਲ ਮਾਰ ਕੇ ਟੌਹਰ ਬਣਾਈਏ ਨਾ।

ਤੇਰੇ ਵੀਰ ਨੇ ਵੀ ਮੋਢੇ ਰਫਲ ਹੈ ਟੰਗੀ ਨੀਂ,
ਫਾਇਰ ਹੋਏ ਕੱਲ੍ਹ ਕੰਨ ਕੋਲੋਂ ਗੋਲੀ ਲੰਘੀ ਨੀਂ,
ਤੇਰੇ ਲਈ ਮੈਂ ਲੜ-ਲੜ ਮਰ ਜਾਊਂ ਵੇਖ ਲਵੀਂ ਪਰਤਾ ਕੇ,
ਹੁਣ ਕਿਉਂ ਮੁੱਕਰੇਂ ਜਲੇਬੀਆਂ ਖਾਕੇ।
ਰੜਕੇ - ਰੜਕੇ - ਰੜਕੇ,
ਵੱਜੇ ਢੋਲ ਤੇ ਚਿਮਟਾ ਖੜਕੇ, ਪੈਰ ਫਿਰ ਭੁੰਜੇ ਲਾਈਏ ਨਾ।
ਸਾਨੂੰ ਜਦ ਮਰਜ਼ੀ ਅਜਮਾ ਲਈਂ ਸੀ. ਡੀ. ਲਾ ਕੇ ਗਾਈਏ ਨਾ।

ਕੁੜੀਓ - ਕੁੜੀਓ - ਕੁੜੀਓ,

ਜਰਾ ਕੁ ਗਿਧੇ ਵਿਚ ਵੀ ਜੁੜੀਓ,
ਸਾਡੀ ਗੱਲ ਨਾ ਮੋੜਿਓ ਨੀਂ
ਦਾਜ ਦੀ ਥਾਂ 'ਤੇ ਮਾਹੀ ਲਈ ਕੁਝ ਪਿਆਰ ਵੀ ਜੋੜਿਓ ਨੀਂ।

ਦਾਣੇ - ਦਾਣੇ - ਦਾਣੇ,
ਸੱਚੀ ਕਹਿ ਗਏ ਲੋਕ ਸਿਆਣੇ,
ਏਹੇ ਆਸ਼ਿਕ ਉਡ-ਪੁੱਡ ਜਾਣੇ,
ਮੁੜਕੇ ਫੇਰ ਕਦੀ ਨਾ ਆਉਣੇ,
ਜਿਸਮ ਦਾ ਚੋਗਾ ਚਾਹੁੰਦੇ ਨੇ,
ਚੁੱਗ ਕੇ ਹੁਸਨ ਬਗੀਚੀ ਮੁੜ ਨਾ ਵਾਪਸ ਆਉਂਦੇ ਨੇ।

ਛੱਲੀਆਂ - ਛੱਲੀਆਂ - ਛੱਲੀਆਂ,
ਰੋਜ਼ ਹੀ ਯਾਦਾਂ ਆਉਣ ਅਵੱਲੀਆਂ,
ਰੋਂਦੀਆਂ ਰਹਿਣ ਬੈਠ ਕੇ 'ਕੱਲੀਆਂ,
ਜੀਹਨਾਂ ਨੂੰ ਪਿਆਰ ਹੋ ਜਾਵੇ ਨੀਂ,
ਰੋਗ ਇਸ਼ਕ ਦਾ ਮਾਪੇ ਤੇ ਘਰ ਬਾਰ ਛੁਡਾਵੇ ਨੀਂ।

*ਆਵਾਜ਼- ਕਮਲ ਹੀਰ*

## ਬੋਲੀਆਂ

ਸਿਆਲ ਮਹੀਨਾ ਤਨ-ਮਨ ਠਰਿਆ, ਕੋਲ ਚੁੱਲ੍ਹੇ ਦੇ ਆਜਾ।
ਨਾਲ ਸੇਕ ਲੈ ਅੱਗ ਵੇ ਸੱਜਣਾ, ਨਾਲੇ ਬਾਤ ਕੋਈ ਪਾਜਾ।
ਰੋਟੀਆਂ ਜੁਆਰ ਦੀਆਂ, ਨਾਲ ਸਾਗ ਦੇ ਖਾਜਾ।

ਜਿੰਨੇ ਲਾਏ ਫੱਟ ਤੂੰ ਸਾਡੇ, ਇਕ-ਇਕ ਕਰਕੇ ਸੀਅ ਲੈ।
ਪੀਕੇ ਨਿੱਤ ਬੇ ਸੁੱਧ ਹੋ ਜਾਵੇਂ, ਅੱਜ ਤਾਂ ਹੋਸ਼ ਵਿਚ ਜੀਅ ਲੈ।
ਮੈ ਦੁੱਧ ਵਿਚ ਖੰਡ ਘੋਲਤੀ, ਡੀਕਾਂ ਲਾ ਕੇ ਪੀ ਲੈ।

ਬਿਨਾਂ ਨੱਚਣ ਦੇ ਰਹਿ ਨਾ ਹੋਇਆ, ਥਿਰਕ ਪਿਆ ਤਨ ਸਾਰਾ।
ਕੁੜੀਆਂ ਓਹਲੇ ਹੋ ਕੇ ਪਤਲੋ, ਕਰਦੀ ਮਿੱਠਾ ਇਸ਼ਾਰਾ।
ਸਾਡੀ ਗੋਰੀ ਬਾਂਹ ਫੜਕੇ, ਨੱਚ ਲੈ ਸੁਨੱਖਿਆ ਯਾਰਾ।

ਆਪਾ ਦੋਵੇਂ ਮੋਰ, ਮੋਰਨੀ ਆਪਾ ਚੰਨ ਚਕੋਰੀ।
ਆਪਣੀ ਜੋੜੀ ਰੱਬ ਬਣਾਈ, ਗੱਲ ਸੁਣਾਵਾਂ ਕੋਰੀ।
ਮੈਂ 'ਮੰਗਲਾ' ਪਤੰਗ ਵਰਗੀ, ਤੋੜ ਨਾ ਜਾਵੀਂ ਡੋਰੀ।

ਕਹਿੰਦੀ ਸੱਜਣਾ ਗੱਲਾਂ ਕਰੀਏ, ਕੋਈ ਮਿੱਠੀ ਕੋਈ ਲੂਣੀ।
ਘਰ ਵਿਚ ਤੇਰੇ ਪੈਰ ਨਾ ਟਿਕਦੇ, ਕਿਸ ਗੱਲੋਂ ਮੈਂ ਊਣੀ।
ਵੇ ਤੁਰਜੇਂ ਗਾ ਪੱਗ ਬੰਨ੍ਹ ਕੇ, ਜਾਹ ਮੈਂ ਨਾ ਕਰਾਉਂਦੀ ਪੂਣੀ।

ਵੇ ਸੱਜਣਾ ਮੈਂ ਫੁੱਲ ਗੁਲਾਬੀ, ਵੇ ਸੱਜਣਾ ਮੈਂ ਹੀਰਾ।
ਚਾਵਾਂ ਦੇ ਨਾਲ ਪਾਲੀ ਮਾਪਿਆਂ, ਕਰ ਨਾ ਬੁਰਾ ਵਤੀਰਾ।
ਕਿਹੜੀ ਗੱਲੋਂ ਰੁਸਿਆ ਫਿਰੇਂ, ਦੱਸਦੇ ਨਣਦ ਦਿਆ ਵੀਰਾ।

ਨਾ ਠਾਉਂਦਾ (ਉਠਾਉਂਦਾ) ਕੋਈ ਸੁੱਤੀ ਹੋਈ ਨੂੰ, ਨਾ ਹੀ ਯਾਦ ਸਤਾਉਂਦੀ।
ਨਾ ਹੀ ਚੱਲਦੀ ਆਕੜ ਤੇਰੀ, ਨਾ ਹੀ ਤਰਲੇ ਪਾਉਂਦੀ।
ਵੇ ਬੜੀ ਚੰਗੀ ਰਹਿੰਦੀ ਹਾਣੀਆਂ, ਜੇ ਨਾ ਵਿਆਹ ਕਰਵਾਉਂਦੀ।

ਫਿਕਰਾਂ ਵਿਚ ਤੂੰ ਖੁਰ ਜਾਵੇਂਗਾ, ਜੇ ਮੈਂ ਰੰਗ ਵਟਾ ਗਈ।
ਪਾਏਂ ਗਾ ਚੂਰੀ ਕੁੱਟ ਕਾਵਾਂ ਨੂੰ, ਜੇ ਮੈਂ ਜੁਦਾਈ ਪਾ ਗਈ।
ਵੇ ਬੜੀ ਬੁਰੀ ਕਰੂ ਸੱਜਣਾ, ਜਦੋਂ ਗੁੱਸੇ ਵਿਚ ਆ ਗਈ।

ਤੜਫੀਆਂ ਰੀਝਾਂ ਭਰ-ਭਰ ਹਉਕੇ, ਵੇਖ ਚੀਰ ਕੇ ਸੀਨਾ।
ਪਰ ਤੂੰ ਨਾ ਸਾਡੇ ਆਖੇ ਲਗਿਆ, ਬੀਤਿਆ ਸਾਉਣ ਮਹੀਨਾ।
ਵੇ ਹੱਥ ਜੋੜ ਮਿੰਨਤਾਂ ਕਰਾਂ, ਪਾ ਦੇ ਪੀਂਘ ਸ਼ੌਕੀਨਾਂ।

*ਆਵਾਜ਼- ਮਨਮੋਹਨ ਵਾਰਿਸ*

## ਬੋਲੀਆਂ

ਵੇਖੀ 'ਮੰਗਲਾ' ਤੁਰ ਨਾ ਜਾਵੀਂ ਬੁਰੇ ਵਿਛੋੜੇ ਪਾ ਕੇ,
ਮਸਾਂ ਮਸਾਂ ਤੂੰ ਮਿਲਿਆ ਸਾਨੂੰ, ਪੀਰ ਫ਼ਕੀਰ ਧਿਆ ਕੇ।
ਜੀਹਦੇ ਵਿਚ ਪਵੇ ਰੜਕ ਇਸ਼ਕ ਦੀ, ਉਹ ਅੱਖ ਕਦੀ ਨਾ ਸੁੱਤੀ,
ਦਿਲ 'ਚੋਂ ਹੂਕ ਉਠੇ, ਨੱਚਦੇ ਦੀ ਚੂਕੇ ਜੁੱਤੀ।

ਲੋਈ - ਲੋਈ - ਲੋਈ,
ਜਦ ਤੂੰ ਘੁੰਢ ਚੁਕਿਆ,
ਸਾਰੀ ਦੁਨੀਆ ਰੰਗਲੀ ਹੋਈ,

ਚਾਂਦੀ - ਚਾਂਦੀ - ਚਾਂਦੀ,
ਤੂੰ ਉਡੂੰ ਉਡੂੰ ਕਰੇਂ ਗੋਰੀਏ,
ਖੰਭ ਹੁੰਦੇ ਤਾਂ ਕਦੋਂ ਦੀ ਉੱਡ ਜਾਂਦੀ।

ਲਾਲੀ - ਲਾਲੀ - ਲਾਲੀ,
ਤੂੰ ਲਾਲ ਚੂੜਾ ਪਾ ਲੈ ਗੋਰੀਏ,
ਹੁਣ ਜੱਚਣ ਨਾ ਬਾਹਵਾਂ ਖਾਲੀ।

ਜੋਬਨ ਰੁੱਤ ਹੱਡਾਂ ਵਿਚ ਰਚ ਗਈ, ਧਰਤੀ ਪੈਰ ਨਾ ਲਾਵੇ।
ਮਾਰ ਕੇ ਮੋਢਾ ਢੋਲ ਮਾਹੀ ਨੂੰ, ਅੱਖ ਨਾਲ ਗੱਲ ਸਮਝਾਵੇ।
ਕਹਿੰਦੀ ਜੇ ਕਰ ਸਾਥ ਨਿਭਾਵੇ, ਮੰਨ ਜਾਊ ਪਿੰਡ ਸਾਰਾ।
ਸਾਰੀ ਰਾਤ ਨੱਚੂੰ, ਬੋਲੀ ਪਾ ਸਰਦਾਰਾ।

ਤੇਰੇ ਲਈ ਅਸੀਂ ਲਾਈ ਮਹਿੰਦੀ, ਨੈਣੀ ਸੁਰਮਾ ਪਾਇਆ।
ਤੇਰੇ ਲਈ ਹੀ ਠੋਡੀ ਉਤੇ, ਪੰਜ ਦਾਣਾ ਖੁਣਵਾਇਆ।
ਆ ਸੁਣਾਵਾਂ ਮਿੱਠੀਆਂ ਗੱਲਾਂ, ਮੈਂ ਹਾਂ ਗੁੜ੍ਹ ਦੀ ਰੋੜੀ।
ਨੇੜੇ ਹੋ ਮਿੱਤਰਾ, ਬੜੀ ਜਚੂ ਗੀ ਜੋੜੀ।

ਸਾਰੀਆਂ ਕੁੜੀਆਂ ’ਕੱਠੀਆਂ ਹੋ ਕੇ, ਮਾਰਨ ਮੈਨੂੰ ਤਾਹਨੇ।
ਆਖਣ ਤੇਰੇ ਢੋਲੇ ਨੂੰ ਨਾ, ਨੱਚਣਾ ਆਏ ਰਕਾਨੇ।
ਜੇ ਨਾ ਮੇਰੇ ਆਖੇ ਲੱਗਿਆ, ਪਾਕੇ ਬਹਿ ਜਾਊਂ ਰੱਟਾ।
ਹਾਣੀਆਂ ਖਹਿ ਲੈਣ ਦੇ, ਅੱਜ ਚਾਦਰ ਨਾਲ ਦੁੱਪਟਾ।

ਵਿਚ ਹਵਾਵਾਂ ਮਸਤੀ ਭਰ ਜਾਊਂ, ਨਾਲ ਅੰਗੂਰੀ ਬੋਲਾਂ,
ਪੈਲ ਭੁੱਲਣ ਗੇ ਮੋਰ ਬਾਗਾਂ ਦੇ ਗੀਤ, ਭੁੱਲਣ ਗੀਆਂ ਕੋਇਲਾਂ
ਤੇਜ਼ ਹੋਊ ਹਰ ਦਿਲ ਦੀ ਧੜਕਨ, ਐਸੇ ਜੌਹਰ ਵਿਖਾਊਂ।
ਜੇ ਢੋਲ ਵਜਾਵੇਂ ਤੂੰ, ਮੈਂ ਝਾਂਜਰ ਛਣਕਾਊਂ।

*ਆਵਾਜ਼- ਕਮਲ ਹੀਰ*

## ਦਿਲ

ਜੀਹਦੇ ਦਿਲ ਵਿਚ ਹੋਵੇ ਚੋਰ, ਉਹਦੇ ਲਈ ਨਾ ਮਰੀਏ।
ਜੇ ਹੋਵੇ ਦਿਲ ਕਮਜ਼ੋਰ, ਮੁਹੱਬਤ ਨਾ ਕਰੀਏ।
ਰਾਅ ਤੋਤੇ ਵਾਂਗੂ ਦਿਲ ਨੂੰ, ਇਹੋ ਸਿਖਾਈ ਦਾ।
ਜੇ ਛੱਡਕੇ ਤੁਰ ਜਾਏ ਯਾਰ, ਮਗਰ ਨਹੀਂ ਜਾਈ ਦਾ।

ਯਾਰ ਦਾ ਮਤਲਬ ਜਰ ਜਾਣਾ,
ਸੋਹਣੇ ਯਾਰ ਦੇ ਕੀਤੇ ਵਾਰਾਂ ਨੂੰ।
ਪਰ ਜਰਨ ਵਾਲੇ ਤੇ ਵਿਰਲੇ ਨੇ,
ਬਹੁਤੇ ਭੁੱਲਣ ਸਭ ਇਕਰਾਰਾਂ ਨੂੰ।
ਥਾਂ-ਥਾਂ ਨਾ ਦਿਲ ਦੀ ਦੱਸ 'ਮੰਗਲਾ',
ਤੈਥੋਂ ਸਾਂਭ ਨਹੀਂ ਹੋਣਾਂ ਹਾਰਾਂ ਨੂੰ।

ਸੋਚਿਆ ਸੀ ਮਹਿਫ਼ਲ ਸਾਡੀ ਨੇ
ਸਭ ਮਹਿਫ਼ਲ ਵਾਲੇ ਸਾਡੇ ਨੇ।
ਅਸੀਂ ਜਾਤ–ਪਾਤ ਤੋਂ ਕੀ ਲੈਣਾ।
ਸਭ ਗੋਰੇ ਕਾਲੇ ਸਾਡੇ ਨੇ,
ਪਰ ਕੀ ਦੱਸੀਏ ਅਸੀਂ 'ਮੰਗਲਾ' ਉਏ,
ਵਿਸ਼ਵਾਸ਼ ਬਣਾਏ ਹਾਰ ਗਏ।

ਅਸੀਂ ਆਪਣੇ ਜੀਹਨਾਂ ਨੂੰ ਕਹਿੰਦੇ ਸਾਂ,
ਸਾਨੂੰ ਉਹੀ ਇਕ ਦਿਨ ਮਾਰ ਗਏ।

*ਆਵਾਜ਼- ਕਮਲ ਹੀਰ*

## ਸ਼ੇਅਰ

ਮੈਂ ਪੁੱਛਿਆ ਇਕ ਚਕੋਰੀ ਨੂੰ,
ਚੰਨ ਕਈ–ਕਈ ਦਿਨ ਤੱਕ ਚੜ੍ਹਦਾ ਨਾ।
ਓਹਦੀ ਹੋਰ ਕਿਸੇ ਥਾਂ ਯਾਰੀ ਏ,
ਤਾਂ ਹੀ ਤੇਰੇ ਸ਼ਹਿਰ 'ਚ ਵੜਦਾ ਨਾ।
ਅੱਗੋਂ ਹੱਸ ਕੇ ਕਿਹਾ ਚਕੋਰੀ ਨੇ,
ਸ਼ੱਕ ਕਰਕੇ ਵੀ ਤੇ ਕੀ ਲੈਣੈ,
ਜਿੰਨਾ ਚਿਰ ਦਰਸ਼ਨ ਦੇ ਦੇਵੇ,
ਅਸੀਂ ਓਨੇ ਵਿਚ ਹੀ ਜੀਅ ਲੈਣਾ।

ਜੇ ਰਾਂਝੇ ਨੂੰ ਭੁਲਣਾ ਹੁੰਦਾ, ਹੀਰ ਕਿਉਂ ਕੁੱਟਦੀ ਚੂਰੀ।
ਨਾਲ ਸੈਦੇ ਦੇ ਖੁਸ਼ੀ ਮਨਾਉਂਦੀ, ਕਦੀ ਨਾ ਪਾਉਂਦੀ ਦੂਰੀ।
ਕਈ ਵਾਰੀ ਆਸ਼ਕ ਨੂੰ, ਮਾਰੇ ਦੁਨੀਆਂ ਦੀ ਮਜਬੂਰੀ।

ਪੱਬ ਸੰਭਲ-ਸੰਭਲ ਕੇ ਧਰਿਆ ਕਰੋ,
ਕੋਈ ਰਾਹਾਂ ਵਿਚ ਵੀ ਵੱਸਦਾ ਏ।
ਮਿਧਿਆ ਹੋਇਆ ਸੱਪ ਕੀ ਹੋਰ ਕਰੇ,
ਕਿਉਂ ਆਖੋ ਸਾਨੂੰ ਡੱਸਦਾ ਏ।
ਕੰਡੇ ਦੀ ਪਹੁੰਚ ਤਾਂ ਪੈਰ ਤਾਈਂ,
ਦੁੱਖ ਮਾਸ 'ਚ ਖੁੱਭ ਕੇ ਦੱਸਦਾ ਏ।

ਜਿਥੇ ਖੂਨ ਵਹਾਉਂਦੇ ਪੈਸੇ ਲਈ,
ਉਥੇ ਨਹੀਂ ਮਕਾਰੀ ਹਟ ਸਕਦੀ।
ਜੀਹਦਾ ਡੁਲਿਆ ਕਦੀ ਪਸੀਨਾ ਨਾ,
ਉਹਦੀ ਨਹੀਂ ਬੀਮਾਰੀ ਹਟ ਸਕਦੀ।

*ਆਵਾਜ਼- ਕਮਲ ਹੀਰ*

## ਸ਼ੇਅਰ

ਮੇਰੇ ਹਿੱਸੇ ਦਾ ਮਿਲ ਗਿਆ, ਦੁੱਖ ਸੁੱਖ ਤੇ ਮਾਣ ਜੋ,
ਫਿਰ ਹੱਦੋਂ ਵਧ ਕੇ ਖੁਸ਼ੀ, ਤੇ ਅਧਿਕਾਰ ਕਿਉਂ ਕਰਾਂ।
ਮੈਂ ਜੋ ਵੀ ਹਾਂ, ਜਿਥੇ ਵੀ ਹਾਂ, ਖੁਸ਼ ਹਾਂ ਐ ਮਾਲਕਾ!
ਤੇਰੇ ਦਰ 'ਤੇ ਜਾਕੇ, ਮੰਗ ਵਾਰ–ਵਾਰ ਕਿਉਂ ਕਰਾਂ।
ਤੈਨੂੰ ਫਿਕਰ ਪੂਰੇ ਜਗਤ, ਦਾ 'ਮੰਗਲ' ਇਹ ਜਾਣਦੈ।
ਤੂੰ ਮੈਨੂੰ ਭੁਲ ਨਾ ਜਾਵੀਂ, ਨਿੱਤ ਪੁਕਾਰ ਕਿਉਂ ਕਰਾਂ।

ਕੋਈ ਨਾ ਜਾਣੇ, ਰੰਗ ਮਾਲਕ ਦੇ, ਕਦੋਂ ਕੀ ਤੋਂ ਕੀ ਕਰ ਜਾਵੇ।
ਰਾਜੇ ਨੂੰ ਉਹ, ਕਰ ਦਏ ਮੰਗਤਾ, ਤੇ ਮੰਗਤਾ ਤਖ਼ਤ ਬਿਠਾਵੇ।

ਖਾਕ ਜਿੰਨੀ, ਔਕਾਤ ਨਾ ਮੇਰੀ, ਮੈਥੋਂ ਉਪਰ ਇਹ ਜੱਗ ਸਾਰਾ।
ਨਾ ਹੀ ਮੇਰੇ ਵਿਚ ਗੁਣ ਕੋਈ, ਮੇਰਾ ਦਾਤਾ ਈ ਬਖ਼ਸ਼ਣ ਹਾਰਾ।
*ਆਵਾਜ਼- ਮਨਮੋਹਨ ਵਾਰਿਸ*

ਮੇਰਾ-ਮੇਰਾ ਕਰ ਮੈਂ ਥੱਕਿਆ, ਪਰ ਮੇਰਾ ਨਜ਼ਰ ਨਾ ਆਵੇ।
ਸਾਰੀ ਦੁਨੀਆਂ ਮਤਲਬ ਖੋਰੀ, ਵਕਤ ਪਵੇ ਛੱਡ ਜਾਵੇ।
*ਆਵਾਜ਼- ਕਮਲ ਹੀਰ*

ਹਾਥ ਜੋੜ ਕੇ ਆ ਗਯਾ,
ਮਾਂ ਸਰਸਵਤੀ ਤੇਰੇ ਦੁਆਰ।
ਮਾਂਗੂ ਸੁਰ ਕਾ ਗਿਆਨ ਮੈਂ,
ਮੁਝੇ ਕਰਨਾ ਮਤ ਇਨਕਾਰ।
ਬਿਨ ਤੇਰੇ ਕੋਈ ਨਾ ਮੇਰਾ,
ਕਰੂੰ ਬੇਨਤੀ ਬਾਰਮ-ਬਾਰ।
*ਆਵਾਜ਼- ਕਮਲ ਹੀਰ*

## ਸ਼ੇਅਰ

ਤੇਰੇ ਵਤਨ ਦੀ ਮਿੱਟੀ ਵਿਚ ਪਿਆਰ ਉੱਗਦਾ,
ਫ਼ਲ ਫਸਲ ਨੂੰ ਸੋਨੇ ਦੇ ਲਗਦੇ ਨੇ।
ਕੋਇਲਾਂ ਗਾਉਂਦੀਆਂ ਬਾਗਾਂ ਵਿਚ ਮੋਰ ਨੱਚਦੇ,
ਬੁਲੇ ਮਸਤ ਹਵਾਵਾਂ ਦੇ ਵਗਦੇ ਨੇ।
ਤੂੰ ਤੇ 'ਮੰਗਲਾ' ਵਿਚ ਪ੍ਰਦੇਸ ਬੈਠਾ,
ਤੈਨੂੰ ਮੇਲੇ ਪੰਜਾਬ ਦੇ ਸੱਦਦੇ ਨੇ।

ਤੇਰੀ ਭੈਣ ਸੱਦੇ, ਤੇਰਾ ਵੀਰ ਸੱਦੇ,
ਨਾਲੇ ਬਾਪ ਵੀ ਲੈ-ਲੈ ਨਾਂਅ ਸੱਦੇ
ਜੀਹਦੀ ਗੋਦੀ ਵਿਚ ਰਿਹਾ ਸੀ ਖੇਡਦਾ ਤੂੰ
ਜਾਂਦੀ ਵਾਰ ਮਿਲ ਜਾ ਤੇਰੀ ਮਾਂ ਸੱਦੇ।
ਬਾਬੇ–ਦਾਦੇ ਹੁੰਦੇ, ਛਾਂ ਬੋਹੜ ਵਰਗੀ,
ਕਰਮਾਂ ਵਾਲਿਆ ਤੈਨੂੰ ਉਹ ਛਾਂ ਸੱਦੇ।

ਜੀਹਦੇ ਦਿਲ ਵਿਚ ਹਰ ਵੇਲੇ ਧੜਕਦਾ ਏਂ,
ਉਹੋ ਰੋਜ਼ ਉਡਾ ਕੇ ਕਾਂ ਸੱਦੇ।
ਸਿਰ ਹੇਠ ਧਰ ਕੇ ਜੀਹਨੂੰ ਰਿਹਾ ਸੌਂਦਾ,
ਭੁਲ ਜਾਣਿਆ ਗੋਰੀ ਉਹ ਬਾਹ ਸੱਦੇ।
ਜਿਥੇ ਪੀਤੇ ਸੀ ਜਾਮ ਮੁਹੱਬਤਾਂ ਦੇ,
ਕੋਈ ਵਿਛੜੀ ਉਸੇ ਹੀ ਥਾਂ ਸੱਦੇ।

ਤੂੰ ਤੇ ਤੁਰ ਗਿਆ, ਵਿਚ ਪ੍ਰਦੇਸ ਯਾਰਾ,
ਸਾਥੋਂ 'ਕੱਲਿਆਂ ਦਿਨ ਨਾ ਕੱਟ ਹੁੰਦੇ।
ਕਿਵੇਂ ਖੇਡੀਏ ਤਾਸ਼ ਹੁਣ ਬੋਹੜ ਹੇਠਾਂ,
ਸੀਪ ਖੇਡਣ ਲਈ ਹਾਣੀ ਤਿੰਨ ਘੱਟ ਹੁੰਦੇ।
ਰੋਣ ਨਿਕਲਦਾ 'ਮੰਗਲਾ' ਓਸ ਵੇਲੇ,
ਤੇਰੀ ਯਾਦ ਵਿਚ ਖੁੱਲ੍ਹੇ ਜਦ ਡੱਟ ਹੁੰਦੇ।

*ਆਵਾਜ਼- ਮਨਮੋਹਨ ਵਾਰਿਸ*

## ਸ਼ੇਅਰ

ਰੇਸ਼ਮੀ ਰੁਮਾਲ ਜਿਹੇ ਸਾਂ, ਹਿਜਰਾਂ ਦੇ ਕੰਡਿਆਂ ਨਾ,
ਤੇਰੇ ਪਿਛੋਂ ਚੰਨਾਂ ਲੀਰੋਂ–ਲੀਰ ਹੋ ਗਏ।
ਜਾਣ ਲੱਗਾ ਦੇ ਗਿਉਂ ਤੂੰ, ਇਕ ਤਸਵੀਰ ਸਾਨੂੰ,
ਦੇਖ-ਦੇਖ ਉਹਨੂੰ ਤਸਵੀਰ ਹੋ ਗਏ।
*ਆਵਾਜ਼- ਕਮਲ ਹੀਰ*

ਚਿੱਤਰਕਾਰਾ ਰੋਂਦੀ ਹੋਈ ਦੀ, ਇਕ ਤਸਵੀਰ ਬਣਾਵੀਂ।
ਜਿਥੋਂ ਆਸ਼ਕ ਗੱਡੀ ਚੜ੍ਹਦੇ, ਉਹਨੂੰ ਓਸ ਜਗ੍ਹਾ 'ਤੇ ਲਾਵੀਂ।
*ਆਵਾਜ਼- ਕਮਲ ਹੀਰ*

ਸਾਨੂੰ ਖਾਣ-ਪੀਣ ਦੀ ਸੁਰਤ ਨਹੀਂ,
ਤੇਰਾ ਨਾਂਅ ਬੁੱਲ੍ਹਾਂ 'ਤੇ ਰਹਿੰਦਾ ਏ।
*ਆਵਾਜ਼- ਕਮਲ ਹੀਰ*

ਮੈਨੂੰ ਕਸਮ ਜਵਾਨੀ ਦੀ ਏ, ਮੈਂ-ਤੇਰੀ ਬਸ ਤੇਰੀ।
ਜਿਸ ਪਲ ਭੁੱਲਾਂ ਉਸੇ ਹੀ ਪਲ, ਜਾਨ ਨਿਕਲ ਜਾਏ ਮੇਰੀ।
*ਆਵਾਜ਼- ਕਮਲ ਹੀਰ*

ਨਹੀਂ ਡੁੱਬਦੀ ਮੈਂ ਤਰ ਕੇ ਆ ਜਾਊਂ, ਕਿੰਝ ਕੋਈ ਖੁਸ਼ੀਆਂ ਖੋਹ ਜਾਊ।
ਜੇ ਕਰ ਕਿਸਮਤ ਚੰਗੀ ਹੋਈ, ਕੱਚਿਉਂ ਪੱਕਾ ਹੋ ਜਾਊ।
*ਆਵਾਜ਼- ਕਮਲ ਹੀਰ*

ਜੇਕਰ ਮੇਰੀ ਕਿਸਮਤ ਦੇ ਵਿਚ, ਨਾਮ ਤੇਰਾ ਨਾ ਹੋਇਆ।
ਰੱਬ ਨੂੰ ਪੁੱਛੂੰ ਦੱਸ ਉਏ ਰੱਬਾ, ਕਿਥੇ ਯਾਰ ਲਕੋਇਆ।
*ਆਵਾਜ਼- ਕਮਲ ਹੀਰ*

ਅਸੀਂ ਬਾਲ ਕੇ ਹੱਡੀਆਂ ਬੇਦਰਦੇ,
ਠਰਦੀ ਨੂੰ ਅੱਗ ਸਕਾਉਂਦੇ ਰਹੇ,
ਰੋੜਾਂ ਦੇ ਉਤੇ ਰੱਖ ਤਲੀਆਂ।

ਤੇਰੇ ਪੈਰੀਂ ਹੱਥ ਟਿਕਾਉਂਦੇ ਰਹੇ।
ਤੂੰ ਰਹੀ ਧਿਆਉਂਦੀ ਗ਼ੈਰਾਂ ਨੂੰ,
ਅਸੀਂ ਐਂਵੇ ਈ ਤੈਨੂੰ ਧਿਆਉਂਦੇ ਰਹੇ।
*ਆਵਾਜ਼- ਮਨਮੋਹਨ ਵਾਰਿਸ*

ਵੇ ਤੇਰੇ ਨਾਂਅ 'ਤੇ ਉਮਰ ਲਿਖਾ ਦੇਵਾਂ,
ਹਰ ਜਨਮ ਮਿਲਣ ਦਾ ਕਰ ਵਾਅਦਾ।
ਜੇ ਮੈਂ ਫੁੱਲ ਬਣ ਗਈ, ਤੇ ਪਊ ਫੁੱਲ ਬਣਨਾ।
ਇਕੋ ਟਾਹਣੀ 'ਤੇ ਖਿੜਨ ਦਾ ਕਰ ਵਾਅਦਾ।
*ਆਵਾਜ਼- ਮਨਮੋਹਨ ਵਾਰਿਸ*

ਹੋਵਾਂ ਦਿਨ ਤੇ ਸੂਰਜ ਬਣਨਾ ਪਊ,
ਹੋਵਾਂ ਰਾਤ ਤੇ ਚੰਨਾ ਚੰਨ ਬਣ ਜਾਈਂ।
ਵੇ ਤੈਨੂੰ ਦਿਲ ਦੀ ਗੱਲ ਸੁਣਾ ਦੇਵਾਂ,
ਹਰ ਜਨਮ ਮਿਲਣ ਦਾ ਕਰ ਵਾਅਦਾ।
ਜੇ ਮੈਂ ਫੁੱਲ ਬਣ ਗਈ ਤੇ ਪਊ ਫੁੱਲ ਬਣਨਾ,
ਇਕੋ ਟਾਹਣੀ 'ਤੇ ਖਿੜਨ ਦਾ ਕਰ ਵਾਅਦਾ।
*ਆਵਾਜ਼- ਮਨਮੋਹਨ ਵਾਰਿਸ*

ਇਕ ਦਰਿਆ ਵਗਣਾ ਹੰਝੂਆਂ ਦਾ,
ਉਹਦਾ ਰਸਤਾ ਸਾਡੀ ਅੱਖ ਸੱਜਣਾ।
ਪੈਰਾਂ ਵਿਚ ਲਤਾੜੇ ਜਾਵਾਂ ਗੇ,
ਤਾਹਨੇ ਮਾਰੂ ਹਰ ਕੱਖ ਸੱਜਣਾ।
ਸਾਡਾ ਵਾਸਤਾ ਈ ਸਾਨੂੰ ਨਾ ਰੋਲੀਂ,
ਕਦੀ ਹੋਵੀ ਨਾ ਤੂੰ ਵੱਖ ਸੱਜਣਾ।
*ਆਵਾਜ਼- ਮਨਮੋਹਨ ਵਾਰਿਸ*
ਸੱਚ ਝੂਠ ਦੀ ਪਰਖ ਭੁਲਾ ਦਿੱਤੀ,
ਬੇ–ਰਹਿਮੀ ਬੇ–ਦਰਦਣ ਦੁਨੀਆਂ ਨੇ।
ਹਰ ਰਿਸ਼ਤੇ ਦੇ ਵਿਚ ਫਰਕ ਪਿਆ,
ਅਸੀਂ ਮੁੜ-ਮੁੜ ਨੀਤਾਂ ਪੁਣੀਆਂ ਨੇ।
*ਆਵਾਜ਼- ਮਨਮੋਹਨ ਵਾਰਿਸ*

ਲੋਕੀਂ ਦਿਲਾਂ ਦੇ ਕੁੱਝ ਕਮਜ਼ੋਰ ਹੋ ਗਏ,
ਗੱਲ ਮੂੰਹ 'ਤੇ ਕਰਨ ਦਾ ਹੌਸਲਾ ਨਾ।
ਬੇੜੀ ਹੋਵੇ ਤੇ ਆਉਣ ਬਿਨ ਸੱਦਿਆਂ ਹੀ,
ਐਪਰ ਕੱਚੇ 'ਤੇ ਤਰਨ ਦਾ ਹੌਸਲਾ ਨਾ।
ਘਰ ਕਿਸੇ ਦਾ ਫੂਕ ਕੇ ਖੁਸ਼ ਹੁੰਦੇ,
ਵੱਸਦੇ ਹੋਇਆਂ ਨੂੰ ਜਰਨ ਦਾ ਹੌਸਲਾ ਨਾ।
ਹੰਝੂ ਡੋਲ੍ਹਣੇ 'ਮੰਗਲ' ਨੇ ਬੰਦ ਕਰਤੇ,
ਪੱਥਰ ਦਿਲਾਂ 'ਤੇ ਵਰਨ ਦਾ ਹੌਸਲਾ ਨਾ।

*ਆਵਾਜ਼- ਮਨਮੋਹਨ ਵਾਰਿਸ*

ਕੁਝ ਲੋਕ ਸਾਡੇ, ਚੁੱਪ ਬਹਿਣ 'ਤੇ ਵੀ ਦੁਖੀ ਨੇ।
ਕੁਝ ਲੋਕ ਸਾਡੇ, ਖੁਸ਼ ਰਹਿਣ 'ਤੇ ਵੀ ਦੁਖੀ ਨੇ।
ਪਤਾ ਨਹੀਂ ਕਿਉਂ 'ਮੰਗਲ' ਨਾ ਏਨਾ ਖਹਿਣ ਲੱਗ ਪਏ।
ਰਾਜ਼ੀ ਸਾਨੂੰ ਵੇਖ ਕੇ ਬੀਮਾਰ ਰਹਿਣ ਲੱਗ ਪਏ।
ਸੋਫੀ ਤੁਰੇ ਜਾਂਦੇ ਨੂੰ ਸ਼ਰਾਬੀ ਕਹਿਣ ਲੱਗ ਪਏ।

*ਆਵਾਜ਼- ਮਨਮੋਹਨ ਵਾਰਿਸ*

ਰਹੋ ਬਚ ਕੇ ਉਹਨਾਂ ਵਪਾਰੀਆਂ ਤੋਂ,
ਹੱਡ-ਮਾਸ ਦਾ ਜੋ ਵਪਾਰ ਕਰਦੇ।
ਦੇਖ ਚਮਕਦੇ ਸੋਨੇ ਦੇ ਸਿੱਕਿਆਂ ਨੂੰ,
ਤੀਰ ਹਿਜਰ ਦਾ ਸੀਨੇ ਦੇ ਪਾਰ ਕਰਦੇ।
ਡਰ ਛੱਡ ਦੇ' ਮੰਗਲਾ' ਵੈਰੀਆਂ ਦਾ,
ਵੱਢਣ ਮਾਰਨ ਦਾ ਕੰਮ ਹੁਣ ਯਾਰ ਕਰਦੇ।

*ਆਵਾਜ਼- ਮਨਮੋਹਨ ਵਾਰਿਸ*

## ਬੱਦਲਾਂ ਦਾ ਪਰਛਾਵਾਂ

ਜੇ ਕਰ ਮਾਪੇ ਹੋਣ ਸ਼ਰਾਬੀ,
ਬੱਚੇ ਸੋਚਣ ਮੂਡ ਬਣਾਈਏ।
ਮਾਪੇ ਜੇ ਕਰ ਗਾੜੂ ਅਮਲੀ,
ਬੱਚੇ ਸੋਚਣ ਮਾਵਾ ਖਾਈਏ।
ਮਾਪੇ ਜੇ ਕਰ ਹੋਣ ਜੁਆਰੀ,
ਬੱਚੇ ਸੋਚਣ ਸੱਟਾ ਲਾਈਏ।
ਮਾਪੇ ਜੇ ਕਰ ਹੋਵਣ ਅਫ਼ਸਰ,
ਬੱਚੇ ਸੋਚਣ ਹੁਕਮ ਚਲਾਈਏ।
ਮਾਪੇ ਜੇ ਕਰ ਧੋਖੇ ਕਰਦੇ,
ਬੱਚੇ ਸੋਚਣ ਦਗ਼ਾ ਕਮਾਈਏ।
ਮਾਪੇ ਜੇਕਰ ਹੋਵਣ ਘੁਲਦੇ,
ਬੱਚੇ ਸੋਚਣ ਲੰਗੋਟ ਸਿਲਾਈਏ।
ਮਾਪੇ ਜੇਕਰ ਦਲੇਰ ਸੂਰਮੇ,
ਬੱਚੇ ਸੋਚਣ ਰਣ ਵਿਚ ਜਾਈਏ।
ਮਾਪੇ ਜੇਕਰ ਬ੍ਰਹਮ ਗਿਆਨੀ,
ਬੱਚੇ ਸੋਚਣ ਗੁਣੀ ਕਹਾਈਏ।
ਮਾਪੇ ਜੇ ਕਰ ਹੋਵਣ ਲਿਖਦੇ,
ਬੱਚੇ ਸੋਚਣ ਕਲਮ ਉਠਾਈਏ।
ਮਾਪੇ ਜੇਕਰ ਹੋਵਣ ਗਾਇਕ,
ਬੱਚੇ ਸੋਚਣ ਇਕ ਦਿਨ ਗਾਈਏ-ਪਰ ਮਰਜ਼ੀ ਮਾਲਕ ਦੀ ਕਿਹਨੂੰ ਕਿੱਧਰ ਲਾਈਏ,
ਗੱਲ ਮੇਰੀ ਇਹ ਪੱਲੇ ਬੰਨ੍ਹ ਲਉ ਸੌ ਦੀ ਇਕ ਸੁਣਾਵਾਂ।
ਪੈਂਦਾ ਧਰਤੀ 'ਤੇ ਬੱਦਲਾਂ ਦਾ ਪਰਛਾਵਾਂ।

*ਆਵਾਜ਼- ਕਮਲ ਹੀਰ*

# ਕਿਸਮਤ ਦੇ ਜਾਏ ਹਾਰ

ਬੰਦਾ ਬਣਦਾ ਘੋੜ ਸਵਾਰ ਜਦੋਂ,
ਉਦੋਂ ਵੀ ਡਿਗਣਾ ਪੈਂਦਾ ਏ।

ਹੱਥੋਂ ਛੁੱਟ ਜਾਵੇ ਹਥਿਆਰ ਜਦੋਂ,
ਉਦੋਂ ਵੀ ਡਿਗਣਾ ਪੈਂਦਾ ਏ।

ਤਨ ਹੀਰਾ ਹੋਏ ਬੀਮਾਰ ਜਦੋਂ,
ਉਦੋਂ ਵੀ ਡਿਗਣਾ ਪੈਂਦਾ ਏ।

ਹੋ ਜਾਵੇ ਯਾਰ ਮਕਾਰ ਜਦੋਂ,
ਉਦੋਂ ਵੀ ਡਿਗਣਾ ਪੈਂਦਾ ਏ।

ਇਹ ਕਿਸਮਤ ਦੇ ਜਾਏ ਹਾਰ ਜਦੋਂ,
ਉਦੋਂ ਵੀ ਡਿਗਣਾ ਪੈਂਦਾ ਏ।

ਇਸ ਜਿੰਦਗੀ ਵਿਚ ਬੰਦਾ ਸੌ ਵਾਰੀ,
ਡਿਗਦਾ ਤੇ ਉਠ ਬਹਿੰਦਾ ਏ।

ਪਰ 'ਮੰਗਲਾ' ਡਿਗੇ ਜੋ ਨਜ਼ਰਾਂ 'ਚੋਂ,
ਉਹ ਫੇਰ ਨਾ ਕੰਮ ਦਾ ਰਹਿੰਦਾ ਏ।

*ਆਵਾਜ਼- ਮਨਮੋਹਨ ਵਾਰਿਸ*

## ਲਾਕੇ ਪੰਜਾਬੀ ਨਾਲ

ਆਓ ਕਰੀਏ ਗੱਲ ਪੰਜਾਬੀਆਂ ਦੀ,
ਕਿ ਕੈਸੀ ਜ਼ਿੰਦਗੀ ਜਿਊਂਦੇ ਨੇ।
ਕਿੰਝ ਦੁਸ਼ਮਣ ਅੱਗੇ ਅੜਦੇ ਨੇ,
ਕਿੰਝ ਆਪਣਿਆਂ ਨੂੰ ਚਾਹੁੰਦੇ ਨੇ।
ਗਰਮੀ, ਸਰਦੀ ਤੇ ਇਸ਼ਕ ਰੁੱਤੇ,
ਕੀ ਪੀਣ ਤੇ ਕੀ ਪਿਆਉਂਦੇ ਨੇ।
ਕਿੰਝ ਖੁਸ਼ੀ ਮਨਾਉਣ ਤਿਉਹਾਰਾਂ ਦੀ,
ਕਿੰਝ ਭੰਗੜੇ–ਗਿੱਧੇ ਪਾਉਂਦੇ ਨੇ।
ਕੀ ਸ਼ੌਕ ਨੇ ਮੁੰਡੇ ਕੁੜੀਆਂ ਦੇ,
ਕਿੰਝ ਮੇਲਿਆਂ ਦੇ ਵਿਚ ਆਉਂਦੇ ਨੇ।
ਕਿੰਨੀ ਕਦਰ ਕਰਨ ਕਿਸੇ ਰਿਸ਼ਤੇ ਦੀ,
ਕਿੰਝ 'ਮੰਗਲਾ' ਧਰਮ ਬਚਾਉਂਦੇ ਨੇ।

*ਆਵਾਜ਼- ਮਨਮੋਹਨ ਵਾਰਿਸ*

ਚੰਗਾ ਯਾਰ ਚੁਣਿਆ, ਏ ਖੁਦ ਨੂੰ ਕਹੋ ਗੇ।
ਲਾਕੇ ਪੰਜਾਬੀ ਨਾਲ, ਫਾਇਦੇ 'ਚ ਰਹੋਗੇ।

*ਆਵਾਜ਼- ਮਨਮੋਹਨ ਵਾਰਿਸ*

ਅਸੀਂ ਹਮੇਸ਼ਾ ਹਰ ਗੱਲ ਦਾ, ਇਤਬਾਰ ਹੀ ਕਰਦੇ ਹਾਂ।
ਅਸੀਂ ਪੰਜਾਬੀ ਸਾਰਿਆਂ ਨੂੰ, ਸਦਾ ਪਿਆਰ ਹੀ ਕਰਦੇ ਹਾਂ।

*ਆਵਾਜ਼- ਕਮਲ ਹੀਰ*

## ਧੰਨਵਾਦਾਂ ਦਾ ਕਰਜ਼ਾ

ਧੰਨਵਾਦੀ ਮੈਂ ਰੱਬ ਦਾ, ਜਿਸ ਨੇ ਦੁਨੀਆਂ ਨੂੰ ਸਜਾਇਆ।
ਧੰਨਵਾਦੀ ਉਸ ਮਾਂ ਦਾ, ਜਿਸ ਨੇ ਮੇਰੀ ਮਾਂ ਨੂੰ ਜਾਇਆ।
ਧੰਨਵਾਦੀ ਉਸ ਕੁੱਖ ਦਾ, ਜਿਥੇ ਪੌਣਾ ਸਾਲ ਬਿਤਾਇਆ।
ਧੰਨਵਾਦੀ ਉਸ ਮਾਂ ਦਾ, ਜਿਸ ਨੇ ਪੀੜਾਂ ਝੱਲ ਕੇ ਜਾਇਆ।
ਧੰਨਵਾਦੀ ਉਸ ਪਿਉ ਦਾ, ਜੀਹਦਾ ਗੋਤੀ ਮੈਂ ਕਹਾਇਆ।
ਧੰਨਵਾਦੀ ਉਸ ਦੁੱਧ ਦਾ, ਜਿਸਨੇ ਭੁੱਖੇ ਨੂੰ ਰਜਾਇਆ।
ਧੰਨਵਾਦੀ ਉਹਨਾਂ ਪੋਤੜਿਆਂ ਦਾ, ਜੀਹਨਾ ਥਾਂ ਸੁਕਾਇਆ।
ਧੰਨਵਾਦੀ ਉਹਨਾਂ ਵੱਡਿਆਂ ਦਾ, ਜੀਹਨਾ ਨੇ ਚੁੱਕ ਖਿਡਾਇਆ।
ਧੰਨਵਾਦੀ ਉਸ ਮਿੱਟੀ ਦਾ, ਜਿੱਥੇ ਪਹਿਲਾ ਆਸਣ ਲਾਇਆ।
ਜਿਥੇ ਰੁੜਨਾ ਤੁਰਨਾ ਸਿੱਖਿਆ, ਜਿਸ ਨੂੰ ਮੂੰਹ ਵਿਚ ਪਾਇਆ।
ਧੰਨਵਾਦੀ ਉਸ ਦਿਨ ਦਾ, ਜਦ ਮੈਨੂੰ ਪੜ੍ਹਨ ਘਲਾਇਆ।
ਧੰਨਵਾਦੀ ਉਹਨਾਂ ਹਾਣੀਆਂ ਦਾ, ਜੀਹਨਾਂ ਸੰਗ ਸ਼ੋਰ ਮਚਾਇਆ।
ਧੰਨਵਾਦੀ ਉਸਤਾਦਾਂ ਦਾ, ਜੀਹਨਾ ਕੁੱਟਿਆ ਨਾਲੇ ਪੜ੍ਹਾਇਆ।
ਧੰਨਵਾਦੀ ਉਸ ਦਿਨ ਦਾ, ਜਦੋ ਪੜਨੋ ਮੈਨੂੰ ਹਟਾਇਆ।
ਧੰਨਵਾਦੀ ਉਹਨਾਂ ਮੁਸ਼ਕਿਲਾਂ ਦਾ, ਜੀਹਨਾ ਸੁੱਖ ਦਾ ਸਾਹ ਭੁਲਾਇਆ।
ਧੰਨਵਾਦੀ ਉਹਨਾਂ ਯਾਰਾਂ ਦਾ, ਜੀਹਨਾ ਔਖੇ ਵੇਲੇ ਸਾਥ ਨਿਭਾਇਆ।
ਧੰਨਵਾਦੀ ਮੈਂ ਓਸ ਕਲਾ ਦਾ, ਜਿਸ ਨੇ ਮੈਂ ਅਪਣਾਇਆ,
ਧੰਨਵਾਦੀ ਸਭ ਕਦਰਦਾਨਾਂ ਦਾ, ਜੀਹਨਾ ਦਿਲੀਂ ਵਸਾਇਆ।
ਧੰਨਵਾਦਾਂ ਦਾ ਦਰਜਾ ਸਭ ਨੇ, ਮੇਰੇ ਸਿਰ ਚੜ੍ਹਾਇਆ।
ਇਹ ਧੰਨਵਾਦ ਨਾ ਉਤਰੂ 'ਮੰਗਲਾ' ਮੈਂ ਜੇ ਉਤਾਰਨਾ ਚਾਹਿਆ।

*ਆਵਾਜ਼- ਕਮਲ ਹੀਰ*

# ਕੁੱਲੀ ਮਲੰਗਾਂ ਦੀ

ਦਿਲ ਮੇਰਾ ਕੁੱਲੀ ਮਲੰਗਾਂ ਦੀ,
ਮੈਨੂੰ ਡਰ ਚੋਰਾਂ ਤੋਂ ਆਉਂਦਾ ਨਾ।

ਮੈਂ ਡਰਾਂ ਵੀ ਕਿਉਂ, ਮੈਨੂੰ ਡਰ ਕਾਹਦਾ।
ਮੈਂ ਬਹੁਤਾ ਸੋਨਾ ਪਾਉਂਦਾ ਨਾ।

ਦੋ ਚੀਜ਼ਾਂ ਦਾ ਮੈਂ ਆਸ਼ਿਕ ਹਾਂ,
ਕੜਾ-ਛੱਲਾ ਹੱਥੋਂ ਲਾਹੁੰਦਾ ਨਾ।

ਕੜਾ ਬਖ਼ਸ਼ਿਆਂ ਮੇਰੇ ਬਜ਼ੁਰਗਾਂ ਨੇ,
ਮੈਂ ਐਂਵੇਂ ਗੁੱਟ ਸਜਾਉਂਦਾ ਨਾ।

ਇਹ ਛੱਲਾ ਯਾਰ ਨਿਸ਼ਾਨੀ ਏ,
ਤਾਂ ਹੀ 'ਮੰਗਲ' ਇਹਨੂੰ ਗਵਾਉਂਦਾ ਨਾ।

*ਆਵਾਜ਼- ਕਮਲ ਹੀਰ*

## ਪੰਜਾਬ ਮੇਰਾ ਬਗੀਚਾ

ਊਚ ਨੀਚ ਨੂੰ ਦਿਲੋਂ ਭੁਲਾ ਕੇ, ਨੱਚ ਲਓ ਅੱਜ ਸਾਰੇ।
ਹਿੰਦੂ ਨੱਚਣ ਨਾਲ ਸਿੱਖਾਂ ਦੇ, ਨੱਚਣ ਭਾਈ ਚਾਰੇ।
ਮੁਸਲਿਮ ਅਤੇ ਈਸਾਈ ਨੱਚਣ, ਨੱਚਣ ਕੂੰਟਾਂ ਚਾਰੇ।
ਖੁਸ਼ੀ ਨਾਲ ਚੰਨ–ਸੂਰਜ ਨੱਚਣ, ਰੱਜ–ਰੱਜ ਨੱਚਣ ਤਾਰੇ।
ਭੌਰੇ, ਕੋਇਲਾਂ, ਮੋਰ, ਪਪੀਹੇ, ਨੱਚਣ ਮੌਸਮ ਪਿਆਰੇ।
ਕਲੀਆਂ ਨੱਚਣ ਬੂਟੇ ਨੱਚਣ, ਮਾਨਣ ਸਦਾ ਨਜ਼ਾਰੇ।
ਪਰ ਨਾ ਵਤਨਾਂ ਵਾਲੀਆਂ ਤਾਂਘਾਂ, ਦਿਲ 'ਚੋਂ ਕੋਈ ਵਿਸਾਰੇ।
ਦਿਲ ਵਿਚ ਨੱਚਣ ਆਪਣਿਆਂ ਸੰਗ, ਸੋਹਣੇ ਵਕਤ ਗੁਜ਼ਾਰੇ।
ਹੱਸਦਿਆਂ ਤਾਂਈ ਵੇਖ ਵੇਖ ਕੇ, ਹੱਸਣ ਹੰਝੂ ਖਾਰੇ।
ਗੂੰਗੇ ਨੱਚਣ ਬੋਲ਼ੇ ਨੱਚਣ, ਕਰ–ਕਰ ਖੂਬ ਇਸ਼ਾਰੇ।
ਬੱਚੇ ਨੱਚਣ ਮਾਰ ਕੇ ਕਿਲਕਾਂ, ਬੁੱਢੇ ਡਾਂਗ ਸਹਾਰੇ।
ਪੋਸਤੀ ਅਤੇ ਸ਼ਰਾਬੀ ਨੱਚੇ, ਨੱਚ-ਨੱਚ ਬੜਕਾਂ ਮਾਰੇ।
ਛੜੇ ਵੀ ਨੱਚਣ, 'ਕੱਲੇ 'ਕੱਲੇ ਰਲ ਮਿਲ ਨੱਚਣ ਕੁਆਰੇ।
ਵਿਆਹੇ ਜੋੜੇ ਰਹਿਣ ਨਾ ਪਿੱਛੇ, ਮਹਿੰਦੀ ਨਾਲ ਸ਼ਿੰਗਾਰੇ,
ਨਣਦਾਂ ਤੇ ਭਰਜਾਈਆਂ, ਨੱਚਣ–ਨੱਚਣ ਨਹਿਰ ਕਿਨਾਰੇ,
ਪੀਘਾਂ, ਪਿੱਪਲ, ਬੋਹੜ ਵੀ, ਨੱਚਣ, ਜੋਸ਼ ਨਾ ਲੈਣ ਹੁਲਾਰੇ।
ਵੰਗਾਂ, ਨੱਚਣ, ਗਜਰੇ ਨੱਚਣ, ਨਾਲ ਨੱਚਣ ਵਣਜਾਰੇ।
ਛੱਲੇ ਨੱਚਣ, ਮੁੰਦੀਆਂ ਨੱਚਣ, ਨਾਲ ਨੱਚਣ ਸੁਨਿਆਰੇ।
ਦਾਦਕੇ ਨੱਚਣ, ਨਾਨਕੇ ਨੱਚਣ, ਨੱਚਣ ਵਿਆਹ–ਛੁਆਰੇ।
ਆਸ਼ਕ ਅਤੇ ਮਾਸ਼ੂਕ ਵੀ ਨੱਚੇ, ਨੱਚਣ 'ਕੱਲੇ–ਕਾਰੇ।
ਢਾਰਿਆਂ ਵਾਲੇ ਮਹਿਲੀਂ ਨੱਚਣ, ਮਹਿਲਾਂ ਵਾਲੇ ਢਾਰੇ।
'ਮੰਗਲ' ਤਾਂ ਇਹਨਾਂ ਨੱਚਦਿਆਂ ਉੱਤੋਂ, ਸੁੱਕੀਆਂ ਮਿਰਚਾਂ ਵਾਰੇ।
ਨਾਲੇ ਕਰੇ ਦੁਆਵਾਂ, ਰੱਬਾ ਦੋਵੇਂ ਹੱਥ ਪਸਾਰੇ।
ਇਸ ਦੁਨੀਆਂ ਵਿਚ ਕੋਈ ਕਿਸੇ ਨੂੰ, ਨਾ ਵੱਢੇ ਨਾ ਮਾਰੇ।
ਪੰਜਾਬ ਮੇਰਾ ਏ ਇਕ ਬਗੀਚਾ, ਹਰ ਕੋਈ ਇਹਨੂੰ ਸੰਵਾਰੇ।
ਦੂਰ ਹੀ ਵੱਸਣ ਏਸ ਮੁਲਕ ਤੋਂ, ਜ਼ਾਲਮ ਤੇ ਹਤਿਆਰੇ।

*ਆਵਾਜ਼- ਕਮਲ ਹੀਰ*

# ਰੱਬ ਦਾ ਨਾਮ

ਇਹ ਦੱਸਿਆ ਸਾਡੇ ਬਜ਼ੁਰਗਾਂ ਨੇ,
ਕਦੀ ਕਿਸੇ ਦਾ ਬੁਰਾ ਤਕਾਈਏ ਨਾ।

ਜੋ ਬਖ਼ਸ਼ਿਆ ਏ ਉਸ ਮਾਲਕ ਨੇ,
ਉਸ ਦਾ ਵੀ ਮਾਣ ਕਮਾਈਏ ਨਾ।

ਬੁਰੀ ਸੰਗਤ ਕੋਲੋਂ ਦੂਰ ਰਹੀਏ,
ਮੂਰਖ ਨਾਲ ਆਢਾ ਲਾਈਏ ਨਾ।

ਜੇ 'ਮੰਗਲਾ' ਓਏ ਸਦਾ ਖੁਸ਼ ਰਹਿਣਾ,
ਦਿਲੋਂ ਰੱਬ ਦਾ ਨਾਮ ਭੁਲਾਈਏ ਨਾ।

*ਆਵਾਜ਼- ਕਮਲ ਹੀਰ*

# ਐ ! ਮਾਲਕ

ਐ! ਮਾਲਕ ਬਖ਼ਸ਼ਣ ਹਾਰਿਆ,
ਮੈਂ ਨਾਦਾਨ ਬਖ਼ਸ਼ ਦਈਂ।
ਤਿਲਕਾਂ ਨਾ ਉੱਚੇ ਵੇਖ ਕੇ,
ਈਮਾਨ ਬਖ਼ਸ਼ ਦਈਂ।
ਦੁੱਖ–ਸੁੱਖ ਦੇ ਸਾਥੀ ਹੋਣ,
ਐਸੇ ਹਾਣ ਬਖ਼ਸ਼ ਦਈਂ।
ਮੈਨੂੰ ਕੋਝੇ–ਕਮਲੇ ਬੇਸੁਰੇ ਨੂੰ,
ਮਾਣ ਬਖ਼ਸ਼ ਦਈਂ।

*ਆਵਾਜ਼- ਕਮਲ ਹੀਰ*

## ਹੱਥਾਂ ਦੀਆਂ ਛਾਵਾਂ

ਮੈਂ ਤੇ ਹਾਂ ਕਮਲਾ, ਤੇ ਪੱਲੇ ਮੇਰੇ ਕੱਖ ਵੀ ਨਹੀਂ।
ਪਰ ਮੈਨੂੰ ਹੱਥਾਂ ਦੀਆਂ ਛਾਵਾਂ ਨੇ ਸਹਾਰੇ ਦਿੱਤੇ।

ਜੀਹਨਾਂ ਪੈਰੀਂ ਟੇਕਦੇ ਨੇ ਮੱਥੇ, ਆ ਕੇ ਰਿਸ਼ੀ-ਮੁਨੀ,
ਸਾਰੇ ਹੀ ਪੰਜਾਬ ਦੀਆਂ ਮਾਵਾਂ ਨੇ ਸਹਾਰੇ ਦਿੱਤੇ।

ਰੱਖੜੀ ਜੀਹਨਾਂ ਦੀ ਮੋੜੇ, ਮੌਤ ਨੂੰ ਵੀ ਖਾਲੀ ਹੱਥ,
ਭੈਣਾਂ ਦੀਆਂ ਸੱਚੀਆਂ ਦੁਆਵਾਂ ਨੇ ਸਹਾਰੇ ਦਿੱਤੇ।

ਢੋਲ ਅੱਗੇ ਨੱਚਦੇ ਨੇ, ਜਿਹੜੇ ਹਿੱਕਾ ਤਾਣ-ਤਾਣ,
ਸ਼ੇਰਾਂ ਜਹੇ ਸਾਰਿਆਂ ਭਰਾਵਾਂ ਨੇ ਸਹਾਰੇ ਦਿੱਤੇ।

ਜੀਹਨਾਂ ਕੋਲੋਂ ਹਰ ਵੇਲੇ, ਲੈਂਦਾ ਰਿਹਾ ਚੰਗੀ ਮੱਤ,
ਬਜ਼ੁਰਗਾਂ ਤੇ ਸੱਥਾਂ ਦੀਆਂ ਥਾਂਵਾਂ ਨੇ ਸਹਾਰੇ ਦਿੱਤੇ।

ਸੌ ਵਾਰ 'ਮੰਗਲ' ਅਹਿਸਾਨ ਮੰਨੇ ਰੱਬ ਦਾ,
ਜੀਹਨੇ ਇਹ ਸਹਾਰੇ ਮੈਨੂੰ, ਜਾਨ ਤੋਂ ਵੀ ਪਿਆਰੇ ਦਿੱਤੇ।

*ਆਵਾਜ਼- ਕਮਲ ਹੀਰ*

## ਚੱਖਣਾ ਸ਼ਹਿਦ ਵਾਂਗਰਾਂ

ਮੁਆਫ਼ੀ ਮੰਗਾਂ ਕਿਸੇ ਦਾ ਜੇ, ਦਿਲ ਮੈਂ ਦੁਖਾਇਆ ਹੋਵੇ।
ਮੁਆਫ਼ੀ ਮੰਗਾਂ ਛੋਟਿਆਂ 'ਤੇ, ਰੋਅਬ ਜੇ ਜਮਾਇਆ ਹੋਵੇ।
ਮੁਆਫ਼ੀ ਮੰਗਾਂ ਵੱਡਿਆਂ ਨੂੰ, ਸਿਰ ਨਾ ਝੁਕਾਇਆ ਹੋਵੇ।
ਮੁਆਫ਼ੀ ਮੰਗਾਂ ਗੀਤਾਂ 'ਚੋਂ ਜੇ ਸੱਚ ਨੂੰ ਲੁਕਾਇਆ ਹੋਵੇ।
ਜਨਮ ਤੋਂ ਲੈ ਕੇ ਸਾਹ, ਜਿੰਨੇ ਵੀ ਲਏ 'ਮੰਗਲ' ਨੇ,
ਮੁਆਫ਼ੀ ਮੰਗਾਂ ਕਿਸੇ ਦਾ ਜੇ, ਮਾਣ ਕਮਾਇਆ ਹੋਵੇ।
ਮੈਂ ਤੇ ਤੁਹਾਡੀ ਹਰ ਇਕ ਗੱਲ ਨੂੰ, ਸ਼ਹਿਦ ਵਾਂਗਰਾਂ ਚੱਖਣਾ,
ਯਾਰੀ ਹੁਣ ਰਹੂ ਨਿਭ ਕੇ ਮੱਚ ਲੈਣ ਜੀਹਨਾਂ ਨੇ ਮੱਚਣਾ।

*ਆਵਾਜ਼- ਕਮਲ ਹੀਰ*

## ਮਸਤ ਬਣ ਕੀ ਲੈਣਾ

ਇਹ ਮਸਤੀ ਨਾ ਸਸਤੀ, ਮਸਤ ਬਣ ਕੀ ਲੈਣਾ।
ਮਿਟ ਜਾਊ ਤੇਰੀ ਹਸਤੀ, ਮਸਤ ਬਣ ਕੀ ਲੈਣਾ।

ਘੁੰਗਰੂ ਬੰਨ੍ਹ ਕੇ, ਨੱਚਣਾ ਔਖਾ।
ਤਾਲ ਅੰਦਰ, ਪੱਬ ਚੱਕਣਾ ਔਖਾ।
ਵਿਚ ਬਜ਼ਾਰਾਂ, ਜੱਚਣਾ ਔਖਾ।
ਯਾਰ ਦੇ ਦਿਲ ਵਿਚ, ਰਚਣਾ ਔਖਾ।
ਡੋਬ ਮਾਣ ਦੀ ਕਸ਼ਤੀ (ਕਿਸ਼ਤੀ)
ਮਸਤ ਬਣ ਕੀ ਲੈਣਾ,
ਮਿਟ ਜਾਊ ਤੇਰੀ ਹਸਤੀ, ਮਸਤ ਬਣ ਕੀ ਲੈਣਾ।

ਭਗਵਾਂ ਚੋਲਾ, ਰੰਗਣਾਂ ਔਖਾ।
ਆਪਣੇ ਹੀ ਘਰੋਂ, ਮੰਗਣਾ ਔਖਾ।
ਖੁਦ ਨੂੰ ਸੂਲੀ, ਟੰਗਣਾ ਔਖਾ।
ਮਾਰਕੇ ਕੂਕਾਂ, ਲੰਘਣਾਂ ਔਖਾ।
ਭਰੀ ਹੋਵੇ ਜਦ ਬਸਤੀ, ਮਸਤ ਬਣ ਕੀ ਲੈਣਾ।
ਮਿਟ ਜਾਊ ਤੇਰੀ ਹਸਤੀ, ਮਸਤ ਬਣ ਕੀ ਲੈਣਾ।
ਸ਼ੇਰਾਂ ਦੇ ਸੰਗ, ਪੈਣਾ ਔਖਾ।
'ਮੰਗਲਾ' ਜੰਗਲੀਂ, ਰਹਿਣਾ ਔਖਾ।
ਨਸ਼ਾ ਭੰਗ ਦਾ, ਸਹਿਣਾ ਔਖਾ।
ਲੱਥ ਜਾਊ ਝੱਟ ਖਰਮਸਤੀ, ਮਸਤ ਬਣ ਕੀ ਲੈਣਾ।
ਮਿਟ ਜਾਊ ਤੇਰੀ ਹਸਤੀ, ਮਸਤ ਬਣ ਕੀ ਲੈਣਾ।

*ਆਵਾਜ਼- ਕਮਲ ਹੀਰ*

## ਸ਼ੇਅਰ

ਹੱਥੀ ਮਹਿੰਦੀ ਲਾ ਕੇ ਨਿੱਕਲੇ ਓ, ਨੈਣੀ ਸੁਰਮਾ ਪਾ ਕੇ ਨਿਕਲੇ ਓ।
ਰੱਬ ਜਾਣੇ ਚਮਕਦੇ ਕੋਕੇ ਨੂੰ, ਕੀ–ਕੀ ਸਮਝਾ ਕੇ ਨਿਕਲੇ ਓ।
'ਮੰਗਲ' ਜਿਹਾ ਕੋਈ ਤੇ ਮਰਨਾ ਈ ਸੀ, ਅੱਜ ਤੀਰ ਕਹਾ ਕੇ ਨਿਕਲੇ ਓ।

*ਆਵਾਜ਼- ਮਨਮੋਹਨ ਵਾਰਿਸ*

ਕੋਈ ਤੀਰ, ਤਲਵਾਰ ਜਾਂ ਫੁੱਲ ਖਿੜਿਆ, ਜਾਂ ਫਿਰ ਅੰਬਰ ਦੇ ਚਮਕਦੇ ਤਾਰਿਆਂ ਨੂੰ।
ਕਿਹੜੀ ਚੀਜ਼ ਨੂੰ ਦੇਖ ਕੇ ਘੜੋ ਕੋਕਾ, ਮੈਂ ਪੁੱਛਣਾ ਚਾਹਾਂ ਗਾ ਅੱਜ ਸੁਨਿਆਰਿਆਂ ਨੂੰ।
'ਮੰਗਲ' ਜਿਹੇ ਕਿਉਂ ਆਪਣੀ ਹੋਸ਼ ਭੁੱਲਣ, ਝੱਲ ਨਗਾਂ ਚੋਂ ਪੈਂਦੇ ਚਮਕਾਰਿਆਂ ਨੂੰ।

*ਆਵਾਜ਼- ਮਨਮੋਹਨ ਵਾਰਿਸ*

ਗੋਲੀ ਵਾਂਗ ਜਿਗਰ ਵਿਚ ਜਾ ਖੁੱਭਿਆ,
ਤੇਰੇ ਕੋਕੇ ਦਾ ਚਮਕਾਰਾ ਨੀਂ।
ਜੇ ਕਰ ਦਏਂ ਪੱਟੀ ਵਾਅਦਿਆਂ ਦੀ,
ਤਾਂ ਬਚ ਜਊ ਇਕ ਕੁਆਰਾ ਨੀਂ।

*ਆਵਾਜ਼- ਮਨਮੋਹਨ ਵਾਰਿਸ*

ਤਿੱਖੇ ਨੱਕ, ਚਮਕਦੇ ਕੋਕੇ।
ਵਾਰ ਇਨ੍ਹਾਂ ਦੇ, ਜਾਣ ਨਾ ਫੋਕੇ।
ਕੋਈ ਰਾਝਾਂ, ਕੋਈ ਮਜਨੂੰ ਬਣਦਾ,
ਲੁੱਟਦੇ ਨੇ ਜਦ ਨੇੜੇ ਹੋਕੇ।

*ਆਵਾਜ਼- ਮਨਮੋਹਨ ਵਾਰਿਸ*

ਕਿਹੜੇ ਆਸ਼ਕ ਦਾ ਦਿਲ ਨਿਚੜ ਗਿਆ,
ਜੋ ਤਲੀਆਂ ਨੂੰ ਲਿਸ਼ਕਾਇਆ ਏ।
ਕੀਹਨੂੰ ਸੜ ਕੇ ਕੋਲੇ ਹੋਣਾ ਪਿਆ,
ਜੋ ਨੈਣੀਂ ਸੁਰਮਾ ਪਾਇਆ ਏ।
ਕੀਹਨੇ ਨਗ ਬਣਵਾਤੇ ਅੱਖੀਆਂ ਦੇ,
ਜੋ ਹਿੱਕ 'ਤੇ ਹਾਰ ਸਜਾਇਆ ਏ।

ਅੱਜ ਦਿਲਾਂ 'ਚ ਖੁੱਭਦੇ ਜਾਂਦੇ ਹੋ,
ਬੜਾ ਰੂਪ ਸਾਣ 'ਤੇ ਲਾਇਆ ਏ।

*ਆਵਾਜ਼- ਮਨਮੋਹਨ ਵਾਰਿਸ*

## ਸ਼ੇਅਰ

ਹੱਥੀਂ ਰੰਗਲੀ, ਮਹਿੰਦੀ ਲਾ ਲਈ।
ਛਣ-ਛਣ ਕਰਦੀ, ਝਾਂਜਰ ਪਾ ਲਈ।
ਅੰਬਰੀ ਉਡਦੇ ਆਸ਼ਕ ਸੁੱਟਣੇ,
ਤੁਰਨ ਲੱਗੀ ਨੇ, ਇਹ ਸਹੁੰ ਖਾ ਲਈ।
*ਆਵਾਜ਼- ਮਨਮੋਹਨ ਵਾਰਿਸ*

ਏਨਾ ਪਿਆਰ ਨਾ ਸਾਨੂੰ ਕਰ ਅੜੀਏ,
ਬਣ ਪੀੜ ਅੱਖਾਂ ਵਿਚ ਰੜਕਾਂ ਗੇ।
ਹਰ ਸਾਹ 'ਤੇ ਲਿਖਿਆ ਨਾਮ ਜਾਊ,
ਤੇਰੇ ਦਿਲ ਵਿਚ ਮੁੜ–ਮੁੜ ਧੜਕਾਂ ਗੇ।
*ਆਵਾਜ਼- ਮਨਮੋਹਨ ਵਾਰਿਸ*

ਇਸ ਇਸ਼ਕ 'ਚ ਮਿਲ ਜਾਊ ਖ਼ੁਸ਼ੀ ਕੋਈ,
ਇਸ ਗੱਲ ਦਾ ਨਾ ਇਤਬਾਰ ਕਰੇ।
ਕਿੱਥੇ ਤੱਕ ਕੋਈ ਭੱਜ ਲਊ ਗਾ,
ਇਹ ਤਾਂ ਸੁੱਤਿਆਂ 'ਤੇ ਵੀ ਵਾਰ ਕਰੇ।
*ਆਵਾਜ਼- ਮਨਮੋਹਨ ਵਾਰਿਸ*

ਕਿੰਨੇ ਸਾਡਿਆਂ ਪੈਰਾਂ ਵਿਚ ਖੁੱਭੇ ਕੰਡੇ,
ਦਾਗ਼ ਗਿਣੇ ਤੇ ਤੈਨੂੰ ਕੁਝ ਪਤਾ ਲੱਗੇ।
ਤੇਰੇ ਸ਼ਹਿਰ ਤੋਂ 'ਮੰਗਲ' ਦਾ ਪਿੰਡ ਕਿੰਨਾ,
ਪੈਂਡਾ ਮਿਣੇ ਤੇ ਤੈਨੂੰ ਕੁਝ ਪਤਾ ਲੱਗੇ।
*ਆਵਾਜ਼- ਮਨਮੋਹਨ ਵਾਰਿਸ*

## ਸਤਿ ਸ੍ਰੀ ਅਕਾਲ

ਜਿਨ੍ਹਾਂ ਵਿਚ ਸੌਣ ਨਿੱਤ, ਸੜਕਾਂ 'ਤੇ ਰਹਿਣ ਵਾਲੇ।
ਸਤਿ ਸ੍ਰੀ ਅਕਾਲ ਉਹਨਾਂ ਕੁੱਲੀਆਂ ਤੇ ਢਾਰਿਆਂ ਨੂੰ।

ਜਿਨ੍ਹਾਂ ਨੂੰ ਨਾ ਮਿਲਦੀ, ਦਵਾਈ ਜੇ ਬੀਮਾਰ ਹੋਣ,
ਸਤਿ ਸ੍ਰੀ ਅਕਾਲ ਉਹਨਾਂ ਦੁੱਖਾਂ ਦਿਆਂ ਮਾਰਿਆਂ ਨੂੰ।

ਰੋਟੀ ਦੇ ਲਈ ਝਿੜਕਾਂ, ਜੋ ਖਾਂਦੇ ਰਹਿਣ ਹਰ ਵੇਲੇ,
ਸਤਿ ਸ੍ਰੀ ਅਕਾਲ ਉਹਨਾਂ ਦਰੋਂ ਦੁਰਕਾਰਿਆਂ ਨੂੰ।

ਹਰ ਵੇਲੇ ਤਰਸਣ ਜੋ, ਸ਼ੁਹਰਤ ਨੂੰ ਪਾਉਣ ਦੇ ਲਈ,
ਸਤਿ ਸ੍ਰੀ ਅਕਾਲ ਉਹਨਾਂ, ਟੁੱਟਿਆਂ ਸਿਤਾਰਿਆਂ ਨੂੰ।

ਅਜੇ ਤਾਈਂ ਜਿਨ੍ਹਾਂ ਨੂੰ, ਟਿਕਾਣਾ ਕੋਈ ਲੱਭਿਆ ਨਾ।
ਸਤਿ ਸ੍ਰੀ ਅਕਾਲ, ਪਸ਼ੂ, ਪੰਛੀਆਂ ਵਿਚਾਰਿਆਂ ਨੂੰ।

ਯਾਦਾਂ ਵਾਲੇ ਸੱਪ ਡੰਗ, ਮਾਰਦੇ ਨੇ ਹਰ ਵੇਲੇ।
ਸਤਿ ਸ੍ਰੀ ਅਕਾਲ, ਬਾਜ਼ੀ, ਇਸ਼ਕੇ ਦੀ ਹਾਰਿਆਂ ਨੂੰ।

ਲੱਭਦੇ ਹੋਏ ਰੱਬ ਨੂੰ ਜੋ, ਖੁਦ ਨੂੰ ਗੁਆ ਬੈਠੇ,
ਸਤਿ ਸ੍ਰੀ ਅਕਾਲ ਉਨ੍ਹਾਂ ਰੱਬ ਦੇ ਪਿਆਰਿਆਂ ਨੂੰ।

'ਮੰਗਲ ਹਠੂਰ' ਦੀ ਇਹ, ਸਤਿ ਸ੍ਰੀ ਅਕਾਲ ਯਾਰੋ,
ਪਿਆਰ ਨਾਲ ਵੱਸਣ ਜੋ, ਪੰਜਾਬੀ ਉਹਨਾਂ ਸਾਰਿਆਂ ਨੂੰ।

*ਆਵਾਜ਼- ਮਨਮੋਹਨ ਵਾਰਿਸ*

## ਸਿੱਖੀ ਖੰਡੇ ਵਿਚੋਂ ਕੜਕੀ

ਕੋਈ ਕਹਿੰਦਾ ਗੁਰੂ, ਕਹਿਰਵਾਨ ਹੋ ਗਿਆ।
ਮੰਗੀ ਜਾਂਦਾ ਸਿਰ ਕਿਉਂ, ਨਾਦਾਨ ਹੋ ਗਿਆ।
ਡਰੂਆਂ ਦੀ ਜਿੰਦ, ਧੱਕ-ਧੱਕ ਧੜਕੀ।
ਤੰਬੂ ਵਿਚ ਜਦੋਂ ਤਲਵਾਰ ਖੜਕੀ।

ਕੋਈ ਕਹਿੰਦਾ ਹੁਣ, ਗੁਰ ਗੱਦੀ ਮੁੱਕ ਜਾਊ।
ਭਗਤੀ ਦੀ ਨਦੀ, ਸਦਾ ਲਈ ਸੁੱਕ ਜਾਊ।
ਗੱਲ ਤਰ੍ਹਾਂ–ਤਰ੍ਹਾਂ ਦੀ ਦਿਲਾਂ 'ਚ ਰੜਕੀ,
ਤੰਬੂ ਵਿਚ ਜਦੋਂ ਤਲਵਾਰ ਖੜਕੀ।

ਕੋਈ ਕਹਿੰਦਾ ਗੁਰੂ, ਅਜਮਾਉਣਾ ਚਾਹੁੰਦਾ ਏ।
ਮਾੜੇ ਦਿਲ ਵਾਲੇ ਨੂੰ, ਡਰਾਉਣਾ ਚਾਹੁੰਦਾ ਏ।
ਭੱਜੋ–ਭੱਜੀ ਹੋਈ, ਸਾਰੀ ਭੀੜ ਭੜਕੀ,
ਤੰਬੂ ਵਿਚ ਜਦੋਂ ਤਲਵਾਰ ਖੜਕੀ।

ਕੋਈ ਕਹਿੰਦਾ ਦਾਗ਼ ਲਾਤਾ, ਪਿਉ ਦੀ ਪੱਗ ਨੂੰ।
ਗੁਜਰੀ ਦਾ ਲਾਲ, ਲੱਗੂ ਝੂਠਾ ਜੱਗ ਨੂੰ।
ਵਹਿਮੀਆਂ ਦੀ ਬਦੋ-ਬਦੀ ਅੱਖ ਫੜਕੀ,
ਤੰਬੂ ਵਿਚ ਜਦੋਂ ਤਲਵਾਰ ਖੜਕੀ।

ਹੌਲੀ-ਹੌਲੀ ਗੁਰਾਂ ਨੇ, ਪਿਆਰੇ ਲੱਭ ਲਏ।
ਸਿੱਖੀ ਨੂੰ ਬਚਾਉਣ ਲਈ, ਸਹਾਰੇ ਲੱਭ ਲਏ।
'ਮੰਗਲਾ' ਓਏ ਸਿੱਖੀ ਖੰਡੇ ਵਿਚੋਂ ਕੜਕੀ,
ਤੰਬੂ ਵਿਚ ਜਦੋਂ ਤਲਵਾਰ ਖੜਕੀ।

*ਆਵਾਜ਼- ਮਨਮੋਹਨ ਵਾਰਿਸ*

## ਚਿੜੀ ਬਾਜ ਨਾਲ ਲੜਦੀ

ਦਸਮ ਪਿਤਾ ਨੇ ਅਨਹੋਣੀ ਵੀ, ਹੋਣੀ ਕਰ ਦਿੱਤੀ।
ਹਰ ਸਿੰਘਣੀ ਵਿਚ, ਸ਼ੇਰਨੀ ਜਿੰਨੀ ਤਾਕਤ ਭਰ ਦਿੱਤੀ।
ਬਿਨਾਂ ਥੱਕਣ ਦੇ ਪੀਸਣ ਪੀਹ ਤਾ, ਮਣ-ਮਣ ਆਟੇ ਦਾ।
ਚਿੜੀ ਬਾਜ ਨਾਲ ਲੜਦੀ, ਪੀਕੇ ਅੰਮ੍ਰਿਤ ਬਾਟੇ ਦਾ।

ਨਾਲ ਤੇਗ਼ ਦੇ ਮਾਈ ਭਾਗੋ, ਸਿਰ ਵੱਢੇ ਪਾਪੀਆਂ ਦੇ।
ਮੰਗ ਸਕੇ ਨਾ ਮਾਫ਼ੀ, ਮੂੰਹ ਰਹੇ ਅੱਡੇ ਪਾਪੀਆਂ ਦੇ।
ਕਦੀ ਨਾ ਜ਼ਾਲਮ ਭੁੱਲਣਗੇ, ਦੁੱਖ ਏਨੇ ਘਾਟੇ ਦਾ।
ਚਿੜੀ ਬਾਜ ਨਾਲ ਲੜਦੀ, ਪੀਕੇ ਅੰਮ੍ਰਿਤ ਬਾਟੇ ਦਾ।

ਨਾਲ ਲਿਆਈਆਂ ਬੱਚਿਆਂ ਨੂੰ, ਟੋਟੇ ਕਰਵਾਵਣ ਲਈ।
ਜਰਾ ਨਾ ਸੀਸ ਝੁਕਾਏ, ਖ਼ੂਨੀ ਹਾਰ ਪਵਾਵਣ ਲਈ।
ਭੋਰਾ ਨਾ ਦੁੱਖ ਮੰਨਿਆਂ, ਕੱਟੀ ਲੱਤ-ਬਾਂਹ ਗਾਟੇ ਦਾ।
ਚਿੜੀ ਬਾਜ ਨਾਲ ਲੜਦੀ ਪੀਕੇ ਅੰਮ੍ਰਿਤ ਬਾਟੇ ਦਾ।

ਧੰਨ ਦਾਦੀ ਜੀਹਨੇ ਪੋਤਿਆਂ ਨੂੰ, ਕਿਹਾ ਜਰਾ ਨਾ ਡਰਨ ਲਈ।
ਹੱਥੀਂ ਤੋਰੇ ਫੁੱਲਾਂ ਵਰਗੇ, ਬੱਚੇ ਮਰਨ ਲਈ।
ਅਸਰ ਕੋਈ ਨਾ ਹੋਇਆ, ਜ਼ਾਲਮ ਦੇ ਫਰਾਟੇ ਦਾ।
ਚਿੜੀ ਬਾਜ ਨਾਲ ਲੜਦੀ, ਪੀਕੇ ਅੰਮ੍ਰਿਤ ਬਾਟੇ ਦਾ।

ਪੱਗਾ ਪੀਲੀਆਂ ਵੀਰਾਂ ਨੂੰ, ਭੈਣਾਂ ਬੰਨ੍ਹਵਾ ਦਿੱਤੀਆਂ।
ਸਿਦਕ ਨਾ ਹਾਰਿਓ 'ਮੰਗਲਾ' ਇਹ ਗੱਲਾਂ ਸਮਝਾ ਦਿੱਤੀਆਂ।
ਕੌਣ ਮੋੜਦਾ ਮੂੰਹ, ਸਿੱਖੀ ਦੇ ਆਏ ਛਰਾਟੇ ਦਾ।
ਚਿੜੀ ਬਾਜ ਨਾਲ ਲੜਦੀ, ਪੀਕੇ ਅੰਮ੍ਰਿਤ ਬਾਟੇ ਦਾ।

*ਆਵਾਜ਼- ਮਨਮੋਹਨ ਵਾਰਿਸ*

## ਮੁਗਲਾਂ ਵਿਚ ਭਾਜੜ ਪੈਂਦੀ

ਜਦੋਂ ਜੁਝਾਰ, ਲਾਏ ਜੈਕਾਰੇ।
ਕੰਬਣ ਲੱਗ ਪਏ, ਵੈਰੀ ਸਾਰੇ।
ਮੁਗਲਾਂ ਵਿਚ ਭਾਜੜ ਪੈ ਗਈ, ਰਣ ਅੰਦਰ ਛਾ ਗਿਆ ਨ੍ਹੇਰ ਜਿਹਾ।
ਇਕ ਪੰਦਰਾਂ ਸਾਲ ਦਾ ਯੋਧਾ, ਕਾਬੂ ਨਹੀਂ ਆਉਂਦਾ ਸ਼ੇਰ ਜਿਹਾ।

ਪਿਤਾ ਗੋਬਿੰਦ ਤੋਂ, ਲੈ ਕੇ ਥਾਪੀ।
ਕਹਿੰਦਾ ਅੱਜ, ਮਕਾਉਣੇ ਪਾਪੀ।
ਖਿੱਚ-ਖਿੱਚਕੇ ਤੇਗਾਂ ਮਾਰੇ, ਉਹ ਸੇਰ ਤੋਂ ਹੋ ਸਵਾਸੇਰ ਜਿਹਾ।
ਇਕ ਪੰਦਰਾਂ ਸਾਲ ਦਾ ਯੋਧਾ, ਕਾਬੂ ਨਹੀਂ ਆਉਂਦਾ ਸ਼ੇਰ ਜਿਹਾ।

ਕੋਈ ਕਹਿੰਦਾ, ਅਜੀਤ ਆ ਗਿਆ।
ਕਰਨ ਸਾਹਾਂ ਨੂੰ, ਸੀਤ ਆ ਗਿਆ।
ਸੀ ਮਸਾਂ ਮੁਕਾਇਆ ਮਰਕੇ, ਇਹ ਅਣਖੀ ਮਰਦ ਦਲੇਰ ਜਿਹਾ।
ਇਕ ਪੰਦਰਾਂ ਸਾਲ ਦਾ ਯੋਧਾ, ਕਾਬੂ ਨਹੀਂ ਆਉਂਦਾ ਸ਼ੇਰ ਜਿਹਾ।

ਕੋਈ ਆਖੇ, ਅੰਗਿਆਰ ਹੈ ਏਹੋ।
ਕੋਈ ਆਖੇ, ਹਥਿਆਰ ਹੈ ਏਹੋ।
ਵੱਢ-ਵੱਢ ਕੇ ਲਾਈ ਜਾਂਦਾ, ਧੜਾਂ ਤੜਪਦਿਆਂ ਦਾ ਢੇਰ ਜਿਹਾ।
ਇਕ ਪੰਦਰਾਂ ਸਾਲ ਦਾ ਯੋਧਾ, ਕਾਬੂ ਨਹੀਂ ਆਉਂਦਾ ਸ਼ੇਰ ਜਿਹਾ।

ਪਾ ਗਿਆ ਅੰਤ, ਸ਼ਹੀਦੀ 'ਮੰਗਲ'।
ਤੋੜ ਗਿਆ, ਜ਼ੁਲਮਾਂ ਦੇ ਸੰਗਲ।
ਉਹਦੇ ਕੋਲ ਆਉਣ ਤੋਂ ਪਹਿਲਾਂ, ਸੀ ਪਿਆ ਮੌਤ ਨੂੰ ਘੇਰ ਜਿਹਾ।
ਇਕ ਪੰਦਰਾਂ ਸਾਲ ਦਾ ਯੋਧਾ, ਕਾਬੂ ਨਈ ਆਉਂਦਾ ਸ਼ੇਰ ਜਿਹਾ।

*ਆਵਾਜ਼- ਮਨਮੋਹਨ ਵਾਰਿਸ*

## ਸਾਰਾ ਹੀ ਲਾਹੌਰ ਕੰਬਿਆ

ਅੱਗ ਵਾਲੇ ਭਾਂਬੜ ਜਾ, ਚੜ੍ਹੇ ਅਸਮਾਨਾਂ ਨੂੰ।
ਸਿਖਰ ਦੁਪਹਿਰੇ ਤਾਲੇ, ਵੱਜ ਗਏ ਦੁਕਾਨਾਂ ਨੂੰ।
ਧੂੰਆਂ ਗਲੀਆਂ, ਬਾਜ਼ਾਰਾਂ ਵਿਚ ਛਾਇਆ।
ਸਾਰਾ ਹੀ ਲਾਹੌਰ ਕੰਬਿਆ, ਜਦੋਂ ਗੁਰੂ ਜੀ ਨੂੰ ਤਵੀ 'ਤੇ ਬਿਠਾਇਆ।

ਹੋਕਾ ਦਿੱਤਾ ਜ਼ੁਲਮਾਂ ਦਾ, ਤੱਤੀਆਂ ਹਵਾਵਾਂ ਨੇ।
ਗੋਦੀਆਂ 'ਚ ਡਰ ਕੇ, ਲੁਕਾ ਲਏ ਪੁੱਤ ਮਾਵਾਂ ਨੇ।
ਕੋਈ ਮੰਦਰੀ-ਮਸੀਤੀਂ, ਵੀ ਨਾ ਆਇਆ।
ਸਾਰਾ...

ਡਰੇ ਹੋਏ ਫੁੱਲ ਰੋਂਦੇ, ਭੌਰਿਆਂ ਨੂੰ ਕਹਿੰਦੇ ਨੇ।
ਜਾ ਕੇ ਰੋ ਰੋ ਚੰਦੂ ਹੋਰੀਂ, ਕਿਹੜੇ ਰਾਹੇ ਪੈਂਦੇ ਨੇ।
ਹਰ ਬੂਟਾ ਸੜ ਜਾਣੋ ਘਬਰਾਇਆ,
ਸਾਰਾ...

ਸੂਰਜ ਨੂੰ ਸੇਕ ਲੱਗਾ, ਪਾਣੀ ਤਾਈਂ ਪਿਆਸ ਬਈ।
ਧਰਮ ਜਿਊਂਦਾ ਰਹਿ ਜਾਊ, ਕਿਸੇ ਨੂੰ ਨਾ ਆਸ ਬਈ।
ਚੰਨ ਤਾਰਿਆਂ ਦੇ, ਅੱਗੇ ਕੁਰਲਾਇਆ।
ਸਾਰਾ...

ਲੱਕੜਾਂ ਤੇ ਤਵੀ ਨੂੰ ਵੀ, ਪਤਾ ਸਾਰੀ ਗੱਲ ਦਾ।
ਪਰ ਅੱਗ ਅੱਗੇ ਦੱਸੋ, ਕੀਹਦਾ ਜ਼ੋਰ ਚੱਲਦਾ।
ਕਿਹੜਾ ਬਚਦਾ, ਭੱਠੀ ਦੇ ਵਿਚ ਡਾਹਿਆ।
ਸਾਰਾ...

ਮੀਆਂ ਮੀਰ ਰੋ-ਰੋ ਕੇ, ਅਰਜਾਂ ਗੁਜ਼ਾਰਦਾ।
ਐਸਾ ਦਿਨ ਦੇਖਣੇ ਤੋਂ, ਪਹਿਲਾਂ ਰੱਬ ਮਾਰਦਾ।
ਕਿਵੇਂ ਝੱਲਾਂ ਏਨਾ ਕਹਿਰ ਕਮਾਇਆ।
ਸਾਰਾ...।

ਤੱਤੀ ਰੇਤ ਪਵੇ ਜਦੋਂ, ਗੁਰੂ ਜੀ ਇਹ ਬੋਲਦੇ।
ਰੱਬ ਦੇ ਪਿਆਰੇ ਭਾਣਾ, ਮੰਨਣੋ ਨਾ ਡੋਲਦੇ।
ਧੰਨ 'ਮੰਗਲਾ' ਓਏ, ਭਾਨੀ ਜੀ ਦਾ ਜਾਇਆ।
ਸਾਰਾ ਹੀ ਲਾਹੌਰ ਕੰਬਿਆ, ਜਦੋਂ ਗੁਰੂ ਜੀ ਨੂੰ ਤਵੀ 'ਤੇ ਬਿਠਾਇਆ।

*ਆਵਾਜ਼- ਮਨਮੋਹਨ ਵਾਰਿਸ*

# ’ਕੱਲਾ ਸਰਦਾਰ ਖੜ੍ਹਾ

ਖੁੱਲ੍ਹਾ ਦਾੜ੍ਹਾ ਤੇ ਸਿਰ ਉਤੇ, ਪੱਗ ਖ਼ਾਲਸਾ ਜੀ।
ਅੱਖਾਂ ਦੇ ਵਿਚ ਗੈਰਤ ਦਿੱਸੇ, ਅਲੱਗ ਖ਼ਾਲਸਾ ਜੀ।
ਨਹੀਂ ਲੁਕਾਇਆਂ ਲੁਕਦਾ ਬਈ, ਅਣਖਾਂ ਦਾ ਯਾਰ ਖੜ੍ਹਾ।
ਵਿਚ ਹਜ਼ਾਰਾਂ ਦਿਸ ਪੈਂਦੈ ’ਕੱਲਾ ਸਰਦਾਰ ਖੜ੍ਹਾ।

ਸਿੰਘਾਂ ਨੇ ਸਰਦਾਰੀ ਬਦਲੇ, ਕਸ਼ਟ ਸਹਾਰਿਆ ਏ।
’ਕੱਲੇ-’ਕੱਲੇ ਵਾਲ ਦੇ ਬਦਲੇ, ਸਿਰਾਂ ਨੂੰ ਵਾਰਿਆ ਏ।
ਨਾਲ ਠਾਠ ਦੇ ਏਸੇ ਲਈ, ਪੱਗ ਦਾ ਹੱਕ ਦਾਰ ਖੜ੍ਹਾ।
ਵਿਚ...

ਨਸ਼ਾ ਨਾਮ ਦਾ ਪੀ ਕੇ, ਗੱਤਕਾ ਜਦੋਂ ਖੇਡਦਾ ਏ।
’ਕੱਲਾ ਹੀ ਸਿੰਘ ਦਸਾਂ-ਦਸਾਂ ਦੇ, ਵਾਰ ਝੇਲਦਾ ਏ।
ਧਰਤੀ ਕੰਬੇ ਹੋਵੇ ਜਦ, ਫੜ ਕੇ ਹਥਿਆਰ ਖੜ੍ਹਾ।
ਵਿਚ...

. ਸਿੰਘ ਹਮੇਸ਼ਾ ਗਊ ਗਰੀਬ ਦੀ, ਰਾਖੀ ਕਰਦਾ ਏ।
ਕਿਸੇ ਵੀ ਥਾਂ ’ਤੇ ਹੁੰਦਾ, ਜਬਰ-ਜ਼ੁਲਮ ਨਾ ਜਰਦਾ ਏ।
ਸਭ ਦੀਆਂ ਮਹਿੰਗੀਆਂ ਖੁਸ਼ੀਆ ਦਾ, ਇਹ ਪਹਿਰੇਦਾਰ ਖੜ੍ਹਾ।
ਵਿਚ...

ਸ਼ੇਰਾਂ ਦੀ ਨਾ ਕਿਸੇ ਵੀ ਜੁੱਗ, ਵਿਚ ਢੇਰੀ ਢਹਿਣੀ ਏ।
‘ਮੰਗਲਾ’ ਸਦਾ ਇਹ ਕੌਮ, ਚੜ੍ਹਦੀਆਂ ਕਲ੍ਹਾਂ ’ਚ ਰਹਿਣੀ ਏ।
ਸੱਚ ਸਬਰ ਤੇ ਸਿਦਕ ਨਾਲ, ਹੋਵੇ ਕਰਤਾਰ ਖੜ੍ਹਾ।
ਵਿਚ ਹਜ਼ਾਰਾਂ ਦਿਸ ਪੈਂਦਾ, ਕੱਲ੍ਹਾ ਸਰਦਾਰ ਖੜ੍ਹਾ।

*ਆਵਾਜ਼- ਮਨਮੋਹਨ ਵਾਰਿਸ*

## ਪ੍ਰਭਾਤ ਫੇਰੀ ਆਈ ਆ

ਫ਼ਲ ਰਾਮ-ਨਾਮ ਦੇ ਖਾ ਲਓ ਜੀ, ਸੱਚਖੰਡ 'ਚੋਂ ਬੇਰੀ ਆਈ ਆ।
ਨਾਨਕ ਨਾਮ ਧਿਆ ਲਓ ਜੀ, ਪ੍ਰਭਾਤ ਫੇਰੀ ਆਈ ਆ।

ਅੰਮ੍ਰਿਤ ਵੇਲਾ, ਬੜਾ ਸੁਹਾਣਾ।
ਨਾਮ ਜਪੇ ਬਿਨ, ਬੀਤ ਹੈ ਜਾਣਾ।
ਆਕੇ ਲਾਭ ਉਠਾ ਲਓ ਜੀ, ਕਿਉਂ ਨੀਂਦ ਨੇ ਘੇਰੀ ਪਾਈ ਆ।
ਨਾਨਕ...

ਤੇਰਾਂ-ਤੇਰਾਂ, ਤੋਲਣਾ ਸਿੱਖੋ।
ਸੱਚ ਜ਼ਬਾਨੋਂ ਬੋਲਣਾ ਸਿੱਖੋ।
ਹਰ ਲਾਲਚ ਠੁਕਰਾ ਲਓ ਜੀ ਕਿਉਂ ਮੇਰੀ-ਮੇਰੀ ਲਾਈ ਆ।
ਨਾਨਕ...

ਗੁਰਬਾਣੀ ਵਿਚ, ਬੜੇ ਹੀ ਸੁੱਖ ਨੇ।
ਕੋਹਾਂ ਦੂਰ, ਏਸ ਤੋਂ ਦੁੱਖ ਨੇ।
ਜੀਵਨ ਸਫਲ ਬਣਾ ਲਓ ਜੀ, ਕਿਸ ਗੱਲੋ ਦੇਰੀ ਲਾਈ ਆ।
ਨਾਨਕ...

ਕਾਹਨੂੰ 'ਮੰਗਲਾ' ਵਕਤ ਗੁਆਵੇਂ।
ਚੰਗਿਆਂ ਕੰਮਾਂ, ਤੋਂ ਘਬਰਾਵੇਂ।
ਦਿਲ ਗਿੱਦੜੋਂ ਸ਼ੇਰ ਬਣਾ ਲਓ ਜੀ, ਕਿਉਂ ਏਨੀ ਢੇਰੀ ਢਾਈ ਆ।
ਨਾਨਕ ਨਾਮ ਧਿਆ ਲਓ ਜੀ, ਪ੍ਰਭਾਤ ਫੇਰੀ ਆਈ ਆ।

*ਆਵਾਜ਼- ਮਨਮੋਹਨ ਵਾਰਿਸ*

## ਭਵ ਸਾਗਰਾਂ 'ਚੋਂ ਬੰਨੇ

ਤੇਰੇ ਬਿਨਾ ਨਾ ਸਹਾਰਾ ਕੋਈ ਮੇਰਾ, ਮੈਂ ਦਿਲ ਦੀਆਂ ਫੋਲਦਾ ਪਿਆ।
ਭਵ ਸਾਗਰਾਂ 'ਚੋਂ ਬੰਨੇ ਮੈਨੂੰ ਲਾਦੇ, ਮੈਂ ਅੱਧ ਵਿਚ ਡੋਲਦਾ ਪਿਆ।

ਐਸ ਦਰ ਜਾਏ, ਕਦੀ ਓਸ ਦਰ ਜਾਏ।
ਦਿਲ ਮੇਰਾ ਮੈਨੂੰ, ਹੱਦੋਂ ਵੱਧ ਕੇ ਸਤਾਏ।
ਮੇਰੇ ਦਿਲ ਉਤੇ ਕਾਬੂ ਹੋਵੇ ਮੇਰਾ, ਮੈਂ ਨੁਕਤਾ ਉਹ ਟੋਲਦਾ ਪਿਆ।
ਭਵ ਸਾਗਰਾਂ...

ਫਿਕਰਾਂ 'ਚ ਰਾਤ, ਸੋਚਾਂ ਵਿਚ ਦਿਨ ਲੰਘੇ।
ਮਾਇਆ ਵਾਲਾ ਨਾਗ, ਮੈਨੂੰ ਹਰ ਵੇਲੇ ਡੰਗੇ।
ਜ਼ਹਿਰ ਲਾਲਚਾਂ ਦਾ ਚੜ੍ਹੀ ਜਾਵੇ ਮੈਨੂੰ, ਮੈਂ ਖੁਦ ਨੂੰ ਹਾਂ ਰੋਲਦਾ ਪਿਆ।
ਭਵ ਸਾਗਰਾਂ...

ਸੁਣਿਐ ਤੂੰ ਸਾਰਿਆਂ ਦੇ, ਪਾਪ ਬਖ਼ਸ਼ਾਵੇਂ।
ਕਿਸੇ ਨੂੰ ਵੀ ਖਾਲੀ, ਹੱਥ ਦਰੋਂ ਨਾ ਘਲਾਵੇਂ।
ਖੜ੍ਹਾ 'ਮੰਗਲ' ਵਿਚਾਰਾ ਜਿੰਦ ਆਪਣੀ, ਹੰਝੂਆਂ ਨਾ ਤੋਲਦਾ ਪਿਆ।
ਭਵ ਸਾਗਰਾਂ 'ਚੋਂ ਬੰਨੇ ਮੈਨੂੰ ਲਾ ਦੇ ਮੈਂ ਅੱਧ ਵਿਚ ਡੋਲਦਾ ਪਿਆ।

*ਆਵਾਜ਼- ਕਮਲ ਹੀਰ*

## ਰੱਬ ਨੂੰ ਧਿਆ ਕੇ ਤੁਰੀਏ

ਕਿਸੇ ਪਾਸਿਉਂ ਨਾ ਆਵੇ ਕਦੀ ਹਾਰ, ਜੇ ਰੱਬ ਨੂੰ ਧਿਆ ਕੇ ਤੁਰੀਏ।
ਹਰ ਪਾਸੇ ਹੁੰਦੀ ਜਾਵੇ ਜੈ-ਜੈ ਕਾਰ, ਜੇ ਰੱਬ ਨੂੰ ਧਿਆ ਕੇ ਤੁਰੀਏ।

ਉਸ ਮਾਲਕ ਨੂੰ ਫਿਕਰ ਹੈ ਸਭ ਦਾ, ਸਭ ਦੀ ਰਾਖੀ ਕਰਦਾ ਦਾਤਾ।
ਪੱਥਰ ਵਿਚ ਜੋ ਕੀੜਾ ਵੱਸਦਾ, ਉਸ ਦਾ ਵੀ ਢਿੱਡ ਭਰਦਾ ਦਾਤਾ।
ਠੰਢੇ ਹੁੰਦੇ ਮਘੇ ਹੋਏ ਅੰਗਿਆਰ, ਜੇ ਰੱਬ ਨੂੰ ਧਿਆ ਕੇ ਤੁਰੀਏ।
ਹਰ ਪਾਸੇ...

ਨਾ ਹੀ ਚਾਹੁੰਦਾ ਹੀਰੇ ਮੋਤੀ, ਬਸ ਸ਼ਰਧਾ ਹੀ ਚਾਹਵੇ ਦਾਤਾ।
ਡੁੱਬਿਆਂ ਹੋਇਆਂ ਬੇੜਿਆਂ ਨੂੰ ਵੀ, ਪਲ ਵਿਚ ਬੰਨੇ ਲਾਵੇ ਦਾਤਾ।
ਬਾਹੋਂ ਫੜ ਕਰੇ ਸਾਗਰਾਂ 'ਚੋਂ ਪਾਰ, ਜੇ ਰੱਬ ਨੂੰ ਧਿਆਕੇ ਤੁਰੀਏਂ।
ਹਰ ਪਾਸੇ...

ਉਸ ਦੇ ਘਰ ਨਾ ਕੋਈ ਵੀ ਘਾਟਾ, ਕਿਸੇ-ਕਿਸੇ ਨੂੰ ਮੰਗਣਾ ਆਵੇ।
ਗਲੀ ਪ੍ਰੇਮ ਦੀ ਦੂਰ ਉਏ 'ਮੰਗਲਾ', ਆਜਾ ਜੇਕਰ ਲੰਘਣਾਂ ਚਾਹਵੇਂ।
ਭੱਜੇ ਮਨਾਂ ਵਿਚੋਂ ਵੈਰ ਹੰਕਾਰ ਜੇ, ਰੱਬ ਨੂੰ ਧਿਆ ਕੇ ਤੁਰੀਏ।
ਹਰ ਪਾਸੇ ਹੁੰਦੀ ਜਾਵੇ ਜੈ-ਜੈ, ਕਾਰ, ਜੇ ਰੱਬ ਨੂੰ ਧਿਆ ਕੇ ਤੁਰੀਏ ।

*ਆਵਾਜ਼- ਕਮਲ ਹੀਰ*

# ਮੇਰੇ ਮਾਲਕ ਦੀ ਬਖਸ਼ਿਸ

ਬੋਲਣ ਲਈ, ਜ਼ਬਾਨ ਬਖ਼ਸ਼ਤੀ।
ਅੱਖੀਆਂ ਇੱਜ਼ਤ, ਆਨ ਬਖ਼ਸ਼ਤੀ।
ਮੈਥੋਂ ਕੁੱਝ ਵੀ ਨਹੀਂ ਲੁਕਾਇਆ, ਮੇਰੇ ਮਾਲਕ ਨੇ।
ਮੇਰੀ ਝੋਲੀਂ ਸੱਭ ਕੁੱਝ ਪਾਇਆ, ਮੇਰੇ ਮਾਲਕ ਨੇ।

ਸਿੱਖਿਆ ਲੋਰੀਆਂ ਦੇਣ ਵਾਸਤੇ, ਗੁਰੂ ਬਜ਼ੁਰਗ ਤੇ ਮਾਪੇ ਬਖ਼ਸ਼ੇ।
ਜਿਸ ਵਿਚ ਦਗਾ ਫਰੇਬ ਨਾ ਹੋਵੇ, ਐਸੇ ਕੰਮ ਵੀ ਆਪੇ ਬਖ਼ਸ਼ੇ।
ਕਰਾਂ ਮਿਹਨਤ ਢੰਗ ਸਿਖਾਇਆ, ਮੇਰੇ ਮਾਲਕ ਨੇ।
ਮੇਰੀ...

ਭੈਣਾਂ ਵੀਰੇ ਤੇ ਵੀਰਾਂ ਜਹੇ, ਸੱਚੇ ਸੁੱਚੇ ਯਾਰ ਵੀ ਬਖ਼ਸ਼ੇ।
ਮੇਰੇ ਲਈ ਜੋ ਕਰਨ ਦੁਆਵਾਂ, ਲੱਖਾਂ ਹੀ ਗ਼ਮ ਖਾਰ ਵੀ ਬਖ਼ਸ਼ੇ।
ਹਰ ਮੁਸ਼ਕਿਲ ਕੋਲੋਂ ਬਚਾਇਆ, ਮੇਰੇ ਮਾਲਕ ਨੇ।
ਮੇਰੀ...

ਫੁੱਲਵਾੜੀ ਜਿਹਾ ਮਹਿਕਾਂ ਵੰਡਦਾ, ਸੋਹਣਾ ਇਕ ਪਰਿਵਾਰ ਬਖ਼ਸ਼ਿਆ।
ਜੋ ਦੁੱਖ-ਸੁੱਖ ਵਿਚ ਸਾਥ ਨਿਭਾਵੇ, ਐਸਾ ਇਕ ਦਿਲਦਾਰ ਬਖ਼ਸ਼ਿਆ।
ਮੈਨੂੰ ਖੁਸ਼ੀ ਦਾ ਜਾਮ ਪਿਆਇਆ, ਮੇਰੇ ਮਾਲਕ ਨੇ।
ਮੇਰੀ...

ਸ਼ੋਹਰਤ ਪੈਸਾ ਮਹਿਲ ਮੁਨਾਰੇ ਇਕ ਦਿਨ ਏਥੇ ਹੀ ਰਹਿ ਜਾਵੇ।
ਬਖ਼ਸ਼ੀਂ ਦਾਤਾ 'ਮੰਗਲ', ਤੇਰਾ ਝੂਠਾ ਦੇ ਵੱਸ ਨਾ ਪੈ ਜਾਵੇ।
ਪਰ ਉਹ ਹੋਣਾ ਜੋ ਚਾਹਿਆ, ਮੇਰੇ ਮਾਲਕ ਨੇ।
ਮੇਰੀ ਝੋਲੀ ਸੱਭ ਕੁੱਝ ਪਾਇਆ, ਮੇਰੇ ਮਾਲਕ ਨੇ।

*ਆਵਾਜ਼- ਮਨਮੋਹਨ ਵਾਰਿਸ*

## ਵਿੱਛੜਿਆ ਨਨਕਾਣਾ

ਰੱਬਾ ਦਿਲ ਪੰਜਾਬ ਦਾ, ਪਾਕਿਸਤਾਨ 'ਚ ਰਹਿ ਗਿਆ ਏ।
ਕਦੀ ਨਾ ਪੂਰਾ ਹੋਣਾ, ਐਸਾ ਘਾਟਾ ਪੈ ਗਿਆ ਏ।
ਵਰ੍ਹਿਆ ਬੱਦਲ ਸਾਡੇ 'ਤੇ, ਜ਼ਾਲਮ ਦੇ ਭਾਣੇ ਦਾ।
ਨਹੀਂ ਭੁੱਲਣਾ ਦੁੱਖ ਸੰਗਤਾਂ ਨੂੰ, ਵਿਛੜੇ ਨਨਕਾਣੇ ਦਾ।

ਜਿਨ੍ਹਾਂ ਗਰੀਬਾਂ ਦੇ ਘਰ ਬਾਬਾ, ਚੱਲ ਕੇ ਆਉਂਦਾ ਸੀ।
ਪੂੜੇ ਛੱਡ ਕੇ ਸਾਗ ਬੇ ਲੂਣਾ, ਖਾਣਾ ਚਾਹੁੰਦਾ ਸੀ।
ਉਹਨਾਂ ਨੂੰ ਵੀ ਹੁਕਮ ਹੋਇਆ, ਵੀਜ਼ਾ ਲਗਵਾਣੇ ਦਾ।
ਨਹੀ..

ਜਿਥੇ ਬਾਬੇ ਜਨਮ ਲਿਆ, ਉਹ ਕੈਸੀ ਥਾਂ ਹੋਣੀ।
ਪੁੱਛੂਗਾ ਹਰ ਬੱਚਾ ਪੀੜ੍ਹੀ, ਜਦੋਂ ਅਗਾਂਹ ਹੋਣੀ।
ਕਹਿਣਾ ਪਊਗਾ ਰਸਤਾ ਏ ਬੰਦ, ਓਸ ਟਿਕਾਣੇ ਦਾ।
ਨਹੀ..

ਅਰਜ਼ ਕਰਾਂ ਗੁਰੂ ਨਾਨਕ ਜੀ ਨੂੰ, ਮੁੜ ਕੇ ਆਵਣ ਲਈ।
ਕਰਕੇ ਇਕ ਉਦਾਸੀ ਸਭ, ਸਰਹੱਦਾਂ ਢਾਵਣ ਲਈ।
ਹਾਲ ਵੇਖ ਜਾਣ ਰੋਂਦੇ, ਹਰ ਮਜ਼ਲੂਮ ਨਿਮਾਣੇ ਦਾ।
ਨਹੀ...

ਮਹਾਂਬਲੀ ਰਣਜੀਤ ਸਿੰਘ, ਜੇ ਜਿਊਂਦਾ ਰਹਿ ਜਾਂਦਾ।
ਕਿਸ ਵਿਚ ਦਮ ਸੀ 'ਮੰਗਲਾ', ਖੋਹ ਨਨਕਾਣਾ ਲੈ ਜਾਂਦਾ।
ਹੌਸਲਾ ਕੋਈ ਨਾ ਕਰਦਾ, ਸਾਡਾ ਮੁਲਕ ਵੰਡਾਣੇ ਦਾ।
ਨਹੀਂ ਭੁਲਣਾ ਦੁੱਖ ਸੰਗਤਾਂ ਨੂੰ, ਵਿਛੜੇ ਨਨਕਾਣੇ ਦਾ।

*ਆਵਾਜ਼- ਮਨਮੋਹਨ ਵਾਰਿਸ*